ਜੈ ਗੁਰਦੇਵ ! ਧੰਨ ਗੁਰਦੇਵ !

T-21



# ਜਲ ਕੀ ਭੀਤਿ

(ਟ੍ਰੈਕਟ ਨੰ. 21)

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) (ਰਜਿ:)
N.B. 180 ਪ੍ਰੀਤ, ਨਗਰ, ਸੋਢਲ ਰੋਡ, ਜਲੰਧਰ-4

# ਸ਼ਬਦ-ਵਿਚਾਰ

**ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ॥**

**ੴ ਸਤਿਗੁਰ ਪ੍ਰਸਾਦਿ॥**

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥੧॥**

ਪਰਮ ਹੰਸ ਗੁਰੂ ਰਵਿਦਾਸ ਜੀ ਮਨੁੱਖ ਦਾ ਸੰਸਾਰ ਵਿਚ ਥੋੜ ਚਿਰ ਜੀਉਣਾ ਦੱਸਦੇ ਫਰਮਾਉਂਦੇ ਹਨ ਕਿ ਮਨੁੱਖ ਦਾ ਸਰੀਰ ਪੰਜ ਤੱਤਾਂ ਤੋਂ ਬਣਿਆ ਹੈ। ਜਿਸ ਵਿਚ ਪਾਣੀ ਕੰਧ, ਹਵਾ ਦੀ ਥੰਮੀ, ਮਾਤਾ ਦਾ ਰਜ (ਲਹੂ)'ਤੇ ਪਿਤਾ ਦਾ ਵੀਰਜ (ਅਗਨ) ਦਾ ਗਾਰਾ, ਹੱਡੀਆਂ ਤੇ ਮਾਸ ਦੀ ਮਿਟੀ ਅਤੇ ਨਾੜੀਆਂ (ਆਕਾਸ਼) ਹਨ। ਇਸ ਪਿੰਜਰ ਵਿਚ ਪੰਛੀ (ਆਤਮਾ) ਵਾਸਾ ਕਰਦਾ ਹੈ।

**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥ ਜੈਸੇ ਤਰਵਰ ਪੰਖਿ ਬਸੇਰਾ॥੧॥ਰਹਾਉ॥**

ਹੇ ਪ੍ਰਾਣੀ! ਇਸ ਸੰਸਾਰ ਵਿਚ ਤੇਰਾ ਮੇਰਾ ਕੁਝ ਵੀ ਨਹੀਂ। ਇਥੇ ਅਸੀਂ ਇਕ ਪੰਛੀ ਵਾਂਗ ਹਾਂ ਜੋ ਰੁੱਖ 'ਤੇ ਰਾਤ ਕੱਟ ਕੇ ਸਵੇਰ ਹੁੰਦਿਆਂ ਉਡ ਜਾਂਦਾ ਹੈ।

**ਰਾਖਹੁ ਕੰਧ ਉਸਾਰਹੁ ਨੀਵਾਂ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨॥**

ਜੀਵ ਇਸ ਸੰਸਾਰ 'ਤੇ ਥੋੜ ਸਮੇਂ ਦੀ ਠਹਿਰ ਨੂੰ ਭੁੱਲ ਕੇ ਡੂੰਗੀਆਂ ਪੱਕੀਆਂ ਨੀਹਾਂ ਰੱਖਦਾ ਹੈ, ਪਰ ਅੰਤ ਮੌਤ ਮਗਰੋਂ ਉਸ ਦੀ ਸੀਮਾਂ (ਹੱਦ) ਸਾਢੇ ਤਿੰਨ ਹੱਥ ਹੀ ਹੁੰਦੀ ਹੈ।

**ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ॥੩॥**

ਮਨੁੱਖ ਵਾਲਾਂ ਨੂੰ ਸੰਵਾਰਦਾ ਹੈ ਤੇ ਸਿਰ 'ਤੇ ਟੇਢੀ ਪਗੜੀ ਬੰਨ ਕੇ ਘੁਮੰਡ ਕਰਦਾ ਹੈ। ਪਰ ਇਹ ਸੋਹਣਾ ਤਨ ਆਖਿਰ ਨੂੰ ਜਲ ਕੇ ਸਵਾਹ ਦੀ ਢੇਰੀ ਹੋ ਜਾਣਾ ਹੈ।

**ਊਚੇ ਮੰਦਰ ਸੁੰਦਰ ਨਾਰੀ॥ ਰਾਮ ਨਾਮ ਬਿਨੁ ਬਾਜੀ ਹਾਰੀ॥੪॥**

ਮਨੁੱਖ ਉਚੇ ਮਹਿਲ ਉਸਾਰ ਕੇ ਵਿਚ ਸੋਹਣੀ ਪਤਨੀ ਦਾ ਵਾਸ ਕਰਾਉਂਦਾ ਹੈ ਪ੍ਰੰਤੂ ਪ੍ਰਭ ਦੀ ਭਗਤੀ ਤੋਂ ਬਿਨਾਂ ਉਹ ਇਸ ਜੱਗ ਦੀ ਬਾਜੀ ਹਾਰ ਕੇ ਜਾਂਦਾ ਹੈ।

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥**
**ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥੫॥੬॥ ਪੰਨਾ ੬੫੯**

ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਹੇ ਪਰਮ ਪਿਤਾ ਪ੍ਰਮਾਤਮਾ ! ਵਿਕਾਰਾਂ ਦੀ ਬੁਰੀ ਸੰਗਤ ਵਿਚ ਫਸ ਕੇ ਮੇਰਾ ਸਮਾਜਿਕ, ਪਰਿਵਾਰਕ 'ਤੇ ਨਿਜੀ ਜੀਵਨ ਘਟੀਆ ਹੋ ਗਿਆ ਹੈ। ਇਸ ਲਈ ਜਗਤ ਦੇ ਵਾਲੀ ਮੈਂ ਰਵਿਦਾਸ ਚਮਾਰ ਤੇਰੀ ਸ਼ਰਣ ਵਿਚ ਆ ਗਿਆ ਹਾਂ।

**ਮਾਸਟਰ ਰਾਮ ਧਨ ਨਾਂਗਲੂ**
**ਭੋਗਪੁਰ (ਜਲੰਧਰ)**
**# 98154-85844**

# ਸਮੂਹ ਸਾਧ ਸੰਗਤ ਨੂੰ ਬੇਨਤੀ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ (ਰਜਿ:) ਇਕ ਨਿਰੋਲ ਧਾਰਮਿਕ ਸੰਸਥਾ ਹੈ। ਇਸ ਸੰਸਥਾ ਦੇ ਮੈਂਬਰ ਜਾਤੀ ਤੌਰ 'ਤੇ ਭਾਵੇਂ ਕਿਸੇ ਵੀ ਰਾਜਸੀ ਪਾਰਟੀ ਨਾਲ ਸੰਬੰਧ ਰੱਖਦੇ ਹੋਣ ਪਰ ਸੰਸਥਾ ਦਾ ਕਿਸੇ ਰਾਜਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ। ਇਸੇ ਕਰਕੇ ਸੰਸਥਾ ਨੇ ਕਦੇ ਵੀ ਕਿਸੇ ਸਰਕਾਰ ਪਾਸੋਂ ਮਦਦ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਪਿਛਲੇ ਲਗਾਤਾਰ ਵੀਹ ਸਾਲਾਂ ਤੋਂ ਸੰਸਥਾ ਨਿਰੰਤਰ ਸਰਗਰਮ ਹੈ ਅਤੇ ਧਾਰਮਿਕ ਸਰਗਰਮੀਆਂ ਰਾਹੀਂ ਸਮਾਜ ਦੀ ਸੇਵਾ ਵਿਚ ਰੁਚਿਤ ਹੈ।

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ 'ਤੇ ਹਰ ਸਾਲ ਟ੍ਰੈਕਟ ਛਾਪ ਕੇ ਸੰਗਤਾਂ ਵਿਚ ਵੰਡਿਆ ਜਾਂਦਾ ਹੈ, ਜਿਸ 'ਤੇ ਹਜ਼ਾਰਾਂ ਰੁਪਏ ਖਰਚਾ ਹੁੰਦਾ ਹੈ। 'ਜਲ ਕੀ ਭੀਤਿ' 21ਵਾਂ ਟ੍ਰੈਕਟ ਸੰਗਤਾਂ ਦੇ ਹੱਥਾਂ ਵਿਚ ਹੈ।

ਸੰਸਥਾ ਵਲੋਂ ਖੁਰਾਲਗੜ੍ਹ ਸਾਹਿਬ ਦਾ ਇਤਿਹਾਸ, ਡਾ: ਅੰਬੇਡਕਰ ਦਾ ਕਰਜ਼, ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ ਦੇ ਟ੍ਰੈਕਟ ਛਾਪ ਕੇ ਵੀ ਸੰਗਤਾਂ ਨੂੰ ਭੇਟ ਕੀਤੇ ਗਏ ਹਨ। ਸੰਸਥਾ ਵਲੋਂ ਧਾਰਮਿਕ ਪੁਸਤਕਾਂ, ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਸਾਹਿਬ, ਕੀਰਤਨ ਸਮਾਗਮ, ਮੈਡੀਕਲ ਕੈਂਪ ਆਦਿ ਸਰਗਰਮੀਆਂ ਰਾਹੀਂ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਹੈ।

ਸੰਸਥਾ ਨੂੰ ਗਾਹੇ-ਬਗਾਹੇ ਵਿਦੇਸ਼ੀ ਪਾਠਕ ਵੀ ਮਾਇਕ ਮਦਦ ਭੇਜਦੇ ਹਨ ਜਿਸ ਨਾਲ ਸੰਸਥਾ ਦਾ ਕੰਮ ਤੁਰਿਆ ਰਹਿੰਦਾ ਹੈ। ਸੰਸਥਾ ਦੇ ਮੈਂਬਰ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਯੋਗਦਾਨ ਪਾਉਂਦੇ ਹਨ। ਸਾਧ ਸੰਗਤ ਦੀ ਮਦਦ ਜ਼ਿਆਦਾ ਮਹੱਤਤਾ ਰੱਖਦੀ ਹੈ। ਹਥਲੇ ਟ੍ਰੈਕਟ ਲਈ ਸੰਸਥਾ ਵਾਸਤੇ ਪਿਛਲੇ ਕਈ ਸਾਲਾਂ ਤੋਂ ਮਦਦ ਕਰਦੇ ਆ ਰਹੇ ਸਾਡੇ ਮਾਣਯੋਗ ਰਿਟਾਇਰਡ ਪੋਸਟਮਾਸਟਰ ਸ੍ਰੀ ਤੋਤਾ ਮੱਲ ਜੀ, ਪਿੰਡ ਆਹਨਖੇੜੀ ਮਲੇਰਕੋਟਲਾ ਨੇ **1000** ਰੁਪਏ ਦਾ ਮਨੀਆਰਡਰ ਭੇਜਿਆ ਹੈ, ਸ੍ਰੀ ਮਨੋਹਰ ਲਾਲ ਸੰਧੂ, ਪਿੰਡ ਮਹੇੜੂ (ਫਗਵਾੜਾ) ਨੇ **500** ਰੁਪਏ ਦੀ ਸੇਵਾ ਕੀਤੀ ਹੈ। ਸੰਸਥਾ ਇਨ੍ਹਾਂ ਦਾ ਧੰਨਵਾਦ ਕਰਦੀ ਹੈ ਅਤੇ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਦਸਵੰਧ ਕੱਢ ਕੇ ਸੰਸਥਾ ਦੇ ਧਾਰਮਿਕ ਕੰਮਾਂ ਵਿਚ ਯੋਗਦਾਨ ਪਾਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਗਤਾਂ ਦਾ ਦਾਸ

**ਰਛਪਾਲ ਸਿੰਘ ਬੱਧਣ (ਪ੍ਰਧਾਨ)**

ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ।

ਮੋਬਾਇਲ : 94176-10120

# ਗੁਰਪੁਰਬ ਮਨਾਈਏ ਅਤੇ ਕੁਝ ਸਿਖਿਆ ਹਾਸਲ ਕਰੀਏ

ਪਿਛਲੇ ਕਈ ਦਹਾਕਿਆਂ ਤੋਂ ਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ ਵਿਸ਼ਵ ਪੱਧਰ 'ਤੇ ਬੜੀ ਹੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਪ੍ਰਭਾਤ-ਫੇਰੀਆਂ, ਸ਼ੋਭਾ ਯਾਤਰਾਵਾਂ ਨਿਕਲਦੀਆਂ ਹਨ। ਪਾਠਾਂ ਦੀਆਂ ਲੜੀਆਂ ਚੱਲਦੀਆਂ ਹਨ, ਕੀਰਤਨ ਸਮਾਗਮ, ਸੰਤ-ਸੰਮੇਲਨ ਹੁੰਦੇ ਹਨ, ਧਾਰਮਿਕ ਗੀਤ-ਸੰਗੀਤ ਹੁੰਦਾ ਹੈ। ਇੰਨਾ ਕੁੱਝ ਹੋਣ ਦੇ ਬਾਵਜੂਦ ਵੀ ਸਾਡੇ ਜੀਵਨ ਜਾਚ ਵਿਚ ਕੁੱਝ ਬਦਲਾਅ, ਸੁਧਾਰ ਨਹੀਂ ਆਇਆ। ਕੀ ਅਸੀਂ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੋਂ ਮੁਕਤ ਹੋਏ ਹਾਂ? ਕੀ ਅਸੀਂ ਜੋਤਸ਼ੀਆਂ, ਧਾਗਿਆਂ-ਤਵੀਤਾਂ, ਟੂਣਿਆਂ, ਸ਼ੁੱਭ-ਅਸ਼ੁੱਭ ਦਿਨਾਂ ਦੇ ਚੱਕਰਾਂ 'ਚੋਂ ਨਿਕਲੇ ਹਾਂ? ਅਖਬਾਰ ਆਉਂਦਿਆਂ ਹੀ ਸਾਡੀਆਂ ਭੈਣਾਂ ਸਭ ਤੋਂ ਪਹਿਲਾਂ ਰਾਸ਼ੀ ਲੱਭਦੀਆਂ ਹਨ। ਜੇਕਰ ਚੰਗੀ ਰਾਸ਼ੀ ਹੋਵੇ ਤਾਂ ਦਿਨ ਠੀਕ ਲੰਘਦਾ ਹੈ, ਰਾਸ਼ੀ ਚੰਗੀ ਨਾ ਹੋਵੇ ਤਾਂ ਸਾਰਾ ਦਿਨ ਡਰ-ਡਰ ਕੇ, ਮਾਯੂਸ ਹੋ ਕੇ ਬਤੀਤ ਹੁੰਦਾ ਹੈ। ਵਰਤ ਦੇ ਦਿਨ ਤਾਂ ਸਾਡੀਆਂ ਭੈਣਾ ਰੱਬ ਤੋਂ ਵੀ ਉੱਪਰ ਹੋ ਜਾਂਦੀਆਂ ਹਨ। ਅਖੇ ਮੈਂ ਵਰਤ ਰੱਖ ਕੇ ਆਪਣੇ ਪਤੀ ਦੀ ਉਮਰ ਵਧਾ ਦੇਣੀ ਹੈ। ਉਮਰ ਤਾਂ ਪਤਾ ਨਹੀਂ ਵਧਣੀ ਕਿ ਨਹੀਂ ਵਧਣੀ ਪਰ ਘਰ ਵਿਚ ਕਾਫੀ ਖਰਚਾ, ਕਈ ਘਰਾਂ ਵਿਚ ਲੜਾਈ-ਝਗੜੇ ਦੀ ਵਜ੍ਹਾ, ਦਾਜ ਵਰਗੀਆਂ ਲਾਹਣਤਾਂ ਦਾ ਜਨਮ, ਅੰਧ-ਵਿਸ਼ਵਾਸੀ ਸੋਚ ਅਤੇ ਗੁਰੂ ਸਾਹਿਬਾਨਾਂ ਦੇ ਹੁਕਮ ਅਦੂਲੀ ਦਾ ਕਾਰਣ ਜ਼ਰੂਰ ਬਣਦਾ ਹੈ। ਭਾਈ! ਉਮਰ ਤਾਂ ਜਿੰਨੀ ਪ੍ਰਮਾਤਮਾ ਨੇ ਨਿਯਤ ਕਰ ਦਿੱਤੀ ਉਤਨੀ ਹੀ ਰਹਿਣੀ ਹੈ। ਉਮਰ ਨੂੰ ਵਧਾਉਣ ਲਈ ਨਹੀਂ ਸਗੋਂ ਜੀਵਨ ਨੂੰ ਸੁਖਮਈ, ਤੰਦਰੁਸਤ, ਸਨਮਾਨ ਜਨਕ ਬਣਾਉਣ, ਆਪਣੇ ਬੱਚਿਆਂ ਅਤੇ ਆਪਣੇ ਸਮਾਜ ਦਾ ਭਵਿੱਖ ਉਜਵਲ ਕਰਨ ਅਤੇ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਦੇ ਪ੍ਰਸਾਰ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਜੇਕਰ ਅਸੀਂ ਗੁਰੂ ਸਾਹਿਬ ਦੇ ਜਨਮ ਦਿਨ ਮਨਾਉਣ ਜਾਂ ਹੋਰ ਧਾਰਮਿਕ ਸਮਾਗਮਾਂ ਨੂੰ ਮਨਾਉਣ ਦੇ ਤੌਰ-ਤਰੀਕਿਆਂ ਨੂੰ ਗਹੁ ਨਾਲ ਦੇਖੀਏ ਤਾਂ ਇਹ ਜ਼ਿਆਦਾਤਰ ਮੇਲੇ ਦੀ ਤਰ੍ਹਾਂ ਮਾਲੂਮ ਹੁੰਦੇ ਹਨ ਤੇ ਬਸ ਰੌਲੇ-ਰੱਪੇ ਵਿੱਚ ਹੀ ਦਿਨ ਲੰਘ ਜਾਂਦਾ ਹੈ। ਅਸੀਂ ਇਸ ਨੂੰ ਇਕ ਰੀਤੀ-ਰਿਵਾਜ ਦੀ ਤਰ੍ਹਾਂ ਮਨਾ ਕੇ ਲਾਂਭੇ ਹੋ ਜਾਂਦੇ ਹਾਂ। ਸਾਡੇ ਵਿੱਚ ਇਹਨਾਂ ਸਮਾਗਮਾਂ ਤੋਂ ਕੁੱਝ ਸਿੱਖਣ ਦੀ ਚਾਹ ਨਹੀਂ ਹੁੰਦੀ। ਸੰਤ ਸੰਮੇਲਨ ਵਿਚ ਸੰਤ ਸਾਹਿਬਾਨਾਂ ਨੇ ਕੀ ਪ੍ਰਵਚਨ ਕੀਤੇ, ਕੀਰਤਨੀਏ ਨੇ ਕਿਹੜੀ ਬਾਣੀ ਦਾ ਕੀਰਤਨ ਕੀਤਾ, ਕੀ ਵਿਆਖਿਆ ਕੀਤੀ, ਗਾਉਣ ਵਾਲੇ ਨੇ ਕੀ ਗਾਇਆ ਜਾਂ ਕੀ ਗਾਉਣਗੇ, ਬੁਲਾਰਿਆਂ ਨੇ ਕੀ ਬੋਲਿਆ ਜਾਂ ਕੀ ਬੋਲਣਗੇ ਆਦਿ ਇਸ ਵੱਲ ਸਾਡਾ ਕੋਈ ਧਿਆਨ ਨਹੀਂ ਹੁੰਦਾ। ਸਮਾਗਮ ਵਿੱਚ ਕੌਣ ਗਿਆ, ਕੌਣ ਆਇਆ, ਉਗਰਾਹੀ ਦੀ ਅਨਾਊਂਸਮੈਂਟ ਜਾਂ ਸਿਰੋਪਾਓ ਦੇਣ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਸਾਨੂੰ ਸੰਤਾਂ ਦੇ ਪ੍ਰਵਚਨ, ਪਾਠ-ਕੀਰਤਨ, ਕਥਾ ਸੁਣ ਕੇ ਸੁਸਤੀ ਪੈਣ ਲਗਦੀ ਹੈ। ਤਰਜ਼ਾਂ ਵਾਲੇ ਜਾਂ ਰੌਲੇ-ਰੱਪੇ ਵਾਲੇ ਸੰਗੀਤ ਨੂੰ ਜ਼ਿਆਦਾ ਸੁਣਿਆ ਜਾਂਦਾ ਹੈ, ਪੰਜਾਬੀ ਗੀਤਾਂ ਦੀਆਂ ਤਰਜ਼ਾਂ 'ਤੇ ਧਾਰਮਿਕ ਗੀਤਾਂ ਉੱਤੇ ਸਰੋਤੇ ਨੱਚਦੇ-ਝੂੰਮਦੇ ਹਨ। ਪ੍ਰਭਾਤ ਫੇਰੀਆਂ 'ਤੇ ਜ਼ਿਆਦਾਤਰ ਬੱਚੇ ਹੀ ਹੁੰਦੇ ਹਨ, ਚਾਹ ਪਾਣੀ ਵੱਲ ਧਿਆਨ ਜ਼ਿਆਦਾ ਤੇ ਬਾਣੀ ਜਾਂ ਗੁਰੂ ਜੀ ਦੀ ਉਸਤਤੀ ਗਾਇਨ ਵੱਲ ਧਿਆਨ

ਘੱਟ ਹੁੰਦਾ ਹੈ। ਸ਼ੋਭਾ ਯਾਤਰਾਵਾਂ ਵਿਚ ਗੱਡੀਆਂ ਇੱਕ-ਦੂਜੇ ਤੋਂ ਅੱਗੇ ਲਿਜਾਣ ਦੀ ਹੋੜ ਲੱਗੀ ਹੁੰਦੀ ਹੈ। ਡੀ.ਜੇ. ਅਤੇ ਢੋਲ ਦੇ ਡਗੇ 'ਤੇ ਭੰਗੜਾ ਪਾਉਣਾ ਆਦਿ ਇੱਕ ਸੱਭਿਆਚਾਰਕ ਸਮਾਗਮ ਮਾਲੂਮ ਹੁੰਦਾ ਹੈ। ਕੀ ਇਹ ਸਭ ਕੁੱਝ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਹੈ? ਜੇਕਰ ਇਹ ਗੁਰੂ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ ਤਾਂ ਅਸੀਂ ਇਸ ਨੂੰ ਤਿਆਗਦੇ ਕਿਉਂ ਨਹੀ?

ਇਸ ਗੱਲ ਨੂੰ ਵੀ ਵਿਚਾਰਨ ਦੀ ਬੜੀ ਸਖਤ ਲੋੜ ਹੈ ਕਿ ਗੁਰੂ ਜੀ ਨਾਲ ਸੰਬੰਧਿਤ ਅੱਜ-ਕੱਲ੍ਹ ਲਗਭੱਗ ਜਿੰਨੀਆਂ ਵੀ ਵੀਡੀਓ-ਆਡੀਓ ਕੈਸਟਾਂ ਆਉਂਦੀਆਂ ਹਨ, ਉਨ੍ਹਾਂ ਵਿੱਚ ਸੰਗਤਾਂ ਨੂੰ ਨੱਚਦੇ ਦਿਖਾਇਆ ਜਾਂਦਾ ਹੈ। ਬੇਸ਼ਕ ਗੁਰੂ ਜੀ ਦਾ ਜਨਮ ਦਿਹਾੜਾ ਖੁਸ਼ੀ ਦਾ ਪ੍ਰਤੀਕ ਹੈ ਪ੍ਰੰਤੂ ਇਹ ਖੁਸ਼ੀ ਨੱਚ ਕੇ ਜ਼ਾਹਰ ਕਰਨੀ ਠੀਕ ਨਹੀਂ ਕਿਉਂਕਿ ਐਡੇ ਵੱਡੇ ਰਹਿਬਰ ਦੇ ਆਗਮਨ ਪੁਰਬ 'ਤੇ ਨੱਚ ਕੇ ਖੁਸ਼ੀ ਜ਼ਾਹਰ ਕਰਨੀ ਇੱਕ ਛੋਟੇ ਪੱਧਰ ਦੀ ਗੱਲ ਹੈ, ਅਜਿਹੀ ਖੁਸ਼ੀ ਤਾਂ ਅਸੀਂ ਆਪਣੇ ਘਰੇਲੂ ਸਮਾਗਮਾਂ ਜਿਵੇਂ ਵਿਆਹ, ਜਨਮ ਦਿਨ ਜਾਂ ਹੋਰ 'ਤੇ ਕਰਦੇ ਹਾਂ ਪ੍ਰੰਤੂ ਕੀ ਅਸੀਂ ਗੁਰੂ ਜੀ ਦੇ ਅਦੁੱਤੀ ਆਗਮਨ ਪੁਰਬ ਨੂੰ ਆਪਣੇ ਇਹਨਾਂ ਘਰੇਲੂ ਸਮਾਗਮਾਂ ਦੇ ਬਰਾਬਰ ਹੀ ਸਮਝਦੇ ਹਾਂ? ਇਸ ਸ਼ੁੱਭ ਅਵਸਰ ਦੀ ਜੇਕਰ ਵਾਕਿਆ ਹੀ ਸਾਨੂੰ ਬੜੀ ਖੁਸ਼ੀ ਹੈ ਤਾਂ ਇਸ ਮੌਕੇ ਸਾਨੂੰ ਗੁਰੂ ਜੀ ਦੀ ਬਾਣੀ, ਕਥਾ, ਕੀਰਤਨ ਵਿੱਚ ਐਨੇ ਮਗਨ ਹੋ ਜਾਣਾ ਚਾਹੀਦਾ ਹੈ। ਇਸ ਮੌਕੇ ਜੇਕਰ ਸਾਨੂੰ ਵਾਕਿਆ ਖੁਸ਼ੀ ਹੈ ਤਾਂ ਸਾਨੂੰ ਗੁਰੂ ਜੀ ਦੀ ਬਾਣੀ ਗਾ-ਗਾ ਕੇ ਪੜ੍ਹਨੀ ਚਾਹੀਦੀ ਹੈ ਬੇਸ਼ੱਕ ਗਾਉਣਾ ਆਉਂਦਾ ਹੋਵੇ ਜਾਂ ਨਾ। ਸਤਿਨਾਮ-ਸਤਿਨਾਮ ਦਾ ਜਾਪ ਕਰਨਾ ਚਾਹੀਦਾ ਹੈ। ਨੱਚ ਕੇ ਧਾਰਮਿਕ ਸਮਾਗਮ ਮਨਾਉਣਾ ਕਿਸੇ ਹੋਰ ਰਹਿਬਰ ਦੀ ਵਿਚਾਰਧਾਰਾ ਵਿੱਚ ਬੇਸ਼ੱਕ ਹੋਵੇ ਪ੍ਰੰਤੂ ਸਾਡੇ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਵਿੱਚ ਇਹ ਬਿਲਕੁਲ ਨਹੀਂ ਹੈ। ਸੋ ਸਾਨੂੰ ਕਦੇ ਵੀ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਤੇ ਹੁਕਮਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ।

ਜੇਕਰ ਇਸ ਦਿਹਾੜੇ ਨੂੰ ਨੱਚ ਕੇ ਮਨਾਉਣ ਦਾ ਕੋਈ ਲਾਭ ਨਹੀਂ ਤਾਂ ਕੀ ਨੁਕਸਾਨ ਹੈ? ਪਹਿਲਾ ਨੁਕਸਾਨ ਤਾਂ ਇਹ ਹੈ ਕਿ ਅਸੀ ਗੁਰੂ ਜੀ ਦੇ ਹੁਕਮ ਦੀ ਉਲੰਘਣਾ ਕਰਦੇ ਹਾਂ। ਦੂਸਰਾ ਸ਼ੋਰ ਸ਼ਰਾਬਾ ਪੈਂਦਾ ਹੈ, ਹੁਲੜਬਾਜ਼ੀ ਹੁੰਦੀ ਹੈ। ਕੁੱਝ ਲੋਕਾਂ ਨੂੰ ਨਸ਼ੇ ਪੀ ਕੇ ਨੱਚਣ-ਟੱਪਣ ਦਾ ਮੌਕਾ ਦਿੰਦੇ ਹਾਂ ਜੋ ਲੜਾਈ-ਝਗੜੇ ਦਾ ਕਾਰਨ ਬਣਦਾ ਹੈ। ਕੁੱਲ ਮਿਲਾ ਕੇ ਗੁਰੂ ਜੀ ਦੀ ਸ਼ੋਭਾ ਵਧਾਉਣ ਦੀ ਬਜਾਏ ਘਟਾਉਣ ਦਾ ਕਾਰਨ ਬਣਦਾ ਹੈ, ਸਾਡੇ ਵਿੱਚੋਂ ਕੋਈ ਵੀ ਸੱਜਣ ਅਜਿਹਾ ਕਰਨਾ ਨਹੀਂ ਕਰਨਾ ਚਾਹੁੰਦਾ, ਪ੍ਰੰਤੂ ਇਹ ਅਗਿਆਨ ਵਸ ਜਾਂ ਇੱਕ-ਦੂਸਰੇ ਵੱਲ ਦੇਖਾਦੇਖੀ ਹੁੰਦੀ ਹੈ। ਸੋ ਸਾਨੂੰ ਨਵੀਂ ਪਿਰਤ ਪਾਉਣ ਲੱਗਿਆਂ ਗੁਰੂ ਜੀ ਦੀ ਵਿਚਾਰਧਾਰਾ ਦਾ ਖਿਆਲ ਜ਼ਰੂਰ ਰੱਖਣਾ ਚਾਹੀਦਾ ਹੈ ਅਤੇ ਅਜਿਹੀਆਂ ਪਿਰਤਾਂ ਨੂੰ ਤਿਆਗਣਾ ਚਾਹੀਦਾ ਹੈ।

ਜਨਮ ਦਿਨ ਦੇ ਸਮਾਗਮਾਂ ਵਿਚ ਸਾਨੂੰ ਅਜਿਹੇ ਗਾਇਕ ਸੱਦਣੇ ਚਾਹੀਦੇ ਹਨ ਜਿਹੜੇ ਗਾਉਣ ਦੇ ਨਾਲ-ਨਾਲ ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਅਤੇ ਇਤਿਹਾਸ ਬਾਰੇ ਵੀ ਕੌਮ ਨੂੰ ਚਾਨਣਾ ਪਾਉਣ। ਜਨਮ ਦਿਨ ਤੋਂ ਪਹਿਲਾਂ ਗੁਰੂ ਘਰ ਵਿਖੇ ਹਰ ਰੋਜ਼ ਕਥਾ-ਵਿਚਾਰ ਚੱਲਣੀ ਚਾਹੀਦੀ ਹੈ। ਸੋ ਗੁਰਪੁਰਬ ਜਾਂ ਅਪਣੇ ਰਹਿਬਰਾਂ ਦੇ ਹੋਰ ਸਮਾਗਮ ਮਨਾਉਂਦੇ ਸਮੇਂ ਸਾਨੂੰ ਗੁਰੂ ਜੀ ਦੀ ਵਿਚਾਰਧਾਰਾ ਦਾ ਪੂਰਾ ਖਿਆਲ ਰੱਖਣਾ ਚਾਹੀਦਾ ਹੈ। ਵਿਚਾਰਧਾਰਾ ਦੇ ਵਿਰੁੱਧ ਜਾਣ

ਵਾਲੀਆਂ ਗਤੀ-ਵਿਧੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਕਿ ਇਹ ਸਮਾਗਮ ਸੱਭਿਆਚਾਰਕ ਜਾਂ ਸਮਾਜਿਕ ਰੀਤੀ ਰਿਵਾਜ ਵਾਂਗ ਦਿਸਣ।

ਅਸ਼ਵਨੀ ਹੀਰ
**ਸਈਪੁਰ, ਜਲੰਧਰ, # 99140-33981**

# ਜਾਤ-ਪਾਤ ਪ੍ਰਣਾਲੀ ਅਤੇ ਦਲਿਤ ਸਮਾਜ

ਪੰਜਾਬ ਵਿਚ ਵਾਪਰੀ ਤੇ ਚੱਲ ਰਹੀ ਧਾਰਮਿਕ ਤੇ ਸਮਾਜਿਕ ਉਥੱਲ-ਪੁਥਲ ਦਾ ਮੁੱਖ ਕਾਰਨ ਹੈ ਜਾਤੀ ਪ੍ਰਣਾਲੀ ਅਤੇ ਸਨਮਾਨ ਜਨਕ ਜੀਵਨ। ਬਰਾਬਰਤਾ ਦੀ ਦੁਹਾਈ ਪਾਉਣ ਵਾਲੇ, ਆਪਣੇ ਆਪ ਨੂੰ ਸਾਂਝੀਵਾਲਤਾ ਦੇ ਅਲੰਬਰਦਾਰ ਕਹਾਉਣ ਵਾਲਿਆਂ ਦੀ ਮਾਨਸਿਕਤਾ ਇਹ ਹੈ ਕਿ ਉਹ ਜਾਤ-ਪਾਤੀ ਸਿਸਟਮ ਨੂੰ ਜਿਉਂ ਦਾ ਤਿਉਂ ਕਾਇਮ ਰੱਖਣਾ ਚਾਹੁੰਦੇ ਹਨ।ਭਾਰਤ ਦੀ ਕੋਈ ਵੀ ਅਖੌਤੀ ਉੱਚ ਜਾਤੀ ਧਾਰਮਿਕਤਾ, ਅਧਿਆਤਮਕਤਾ ਇਸ ਤੋਂ ਵਾਂਝੀ ਨਹੀਂ ਹੈ। ਇਹ ਪ੍ਰਣਾਲੀ ਭਾਰਤ ਦੇ ਪਿੰਡ ਤੋਂ ਸ਼ੁਰੂ ਹੋ ਕੇ ਕਸਬਿਆਂ, ਸ਼ਹਿਰਾਂ, ਮੰਦਰਾਂ, ਗੁਰਦਵਾਰਿਆਂ, ਤੀਰਥਾਂ, ਦਫਤਰਾਂ, ਸਕੂਲਾਂ, ਇੰਜੀਨੀਅਰਿੰਗ, ਮੈਡੀਕਲ, ਲਾਅ, ਕਾਲਜਾਂ, ਕਾਰੋਬਾਰੀ ਸਥਾਨਾਂ, ਕਚਿਹਰੀਆਂ, ਪੁਲਿਸ ਥਾਣਿਆਂ, ਰਾਜਨੀਤਿਕ ਗਲਿਆਰਿਆਂ, ਗੱਲ ਕੀ ਭਾਰਤ ਦੇ ਚੱਪੇ-ਚੱਪੇ ਉੱਤੇ ਮੌਜੂਦ ਹੈ।ਇਥੋਂ ਤੱਕ ਕਿ ਇਨ੍ਹਾਂ ਜਾਤੀ ਅਭਿਮਾਨੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਭਾਰਤ ਦੀ ਛੂਆ-ਛਾਤ, ਜਾਤ-ਪਾਤ ਦੀ ਸੜਿਆਂਦ ਨੂੰ ਪ੍ਰਫੁੱਲਤ ਕੀਤਾ ਹੈ ਅਤੇ ਵਿਦੇਸ਼ਾਂ ਵਿੱਚ ਸਿਖਰਾਂ 'ਤੇ ਪੁੱਜ ਰਹੇ ਸਾਂਝੀਵਾਲਤਾ, ਇਨਸਾਨੀਅਤ ਦੀ ਕਦਰ ਜਿਹੇ ਗੁਣਾਂ ਨੂੰ ਛੂਆ-ਛਾਤ ਦੀ ਗੰਦਗੀ ਦਾ ਜਾਗ ਲਾਇਆ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਇਸ ਆਸ ਨਾਲ ਸੰਵਿਧਾਨ ਬਣਾਇਆ ਸੀ ਕਿ ਇਸ ਸੰਵਿਧਾਨ ਦੁਆਰਾ ਆਉਣ ਵਾਲੇ ਵੀਹ-ਤੀਹ ਸਾਲਾਂ ਵਿਚ ਭਾਰਤ ਵਿਚ ਆਰਥਿਕ ਪਾੜਾ ਤੇ ਜਾਤ-ਪਾਤ ਖਤਮ ਹੋ ਜਾਵੇਗੀ ਜਾਂ ਬਹੁਤ ਜ਼ਿਆਦਾ ਘੱਟ ਜਾਵੇਗੀ। ਪ੍ਰੰਤੂ ਅਫਸੋਸ ਕਿ ਦੇਸ਼ ਦੀਆਂ ਹੁਕਮਰਾਨ ਰਾਜਨੀਤਕ ਪਾਰਟੀਆਂ ਨੇ ਅਜਿਹਾ ਨਹੀਂ ਕੀਤਾ। ਉਨ੍ਹਾਂ ਨੇ ਇਸ ਵਡਮੁੱਲੇ ਸੰਵਿਧਾਨ ਦੁਆਰਾ ਕੇਵਲ ਆਪੋ ਆਪਣੀਆਂ ਵੋਟਾਂ ਹੀ ਪੱਕੀਆਂ ਕੀਤੀਆਂ ਹਨ।ਇਹੀ ਕਾਰਣ ਹੈ ਕਿ ਆਜ਼ਾਦੀ ਦੇ ਪੈਂਹਟ ਸਾਲ ਬਾਅਦ ਵੀ ਪ੍ਰਧਾਨ ਮੰਤਰੀ ਤਾਂ ਕੀ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਅਜੇ ਤੱਕ ਕੋਈ ਦਲਿਤ ਮੁੱਖ ਮੰਤਰੀ ਵੀ ਨਹੀਂ ਬਣਾਇਆ ਗਿਆ।

ਅੱਜ ਸਦੀਆਂ ਬੀਤਣ ਮਗਰੋਂ ਵੀ ਇਸ ਪ੍ਰਣਾਲੀ ਨੂੰ ਠੱਲ੍ਹ ਨਹੀਂ ਪੈ ਸਕੀ। ਕਾਰਣ ਇਹ ਕਿ ਇਸ ਸਿਸਟਮ ਨੂੰ ਭਾਰਤ ਦੇ ਪੜ੍ਹੇ-ਲਿਖੇ, ਅਮੀਰ, ਦੇਸ਼ ਨੂੰ ਚਲਾਉਣ ਵਾਲੀ ਸਰਕਾਰੀ ਮਸ਼ੀਨਰੀ (ਅਫਸਰਾਂ) ਜਾਂ ਹੁਕਮਰਾਨ ਵਰਗ ਨੇ ਖਤਮ ਕਰਨਾ ਸੀ ਪ੍ਰੰਤੂ ਅਸਲ ਵਿੱਚ ਇਹ ਵਰਗ ਇਸ ਨੂੰ ਖਤਮ ਕਰਨਾ ਹੀ ਨਹੀਂ ਚਾਹੁੰਦਾ ਕਿਉਂਕਿ ਇਹ ਆਪ ਉੱਚ ਜਾਤੀਆਂ ਵਿੱਚੋਂ ਹੈ। ਸੋ ਸਤਿਗੁਰੂ ਨਾਮਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਹੀ ਜਾਤ-ਪਾਤ ਦੇ ਵਿਰੁੱਧ ਗੱਲ ਹੋਈ ਹੈ ਪਰ ਉਹਨਾਂ ਤੋਂ ਬਾਅਦ ਸੈਂਕੜੇ ਸਾਲ ਹੋ ਗਏ ਡਾ. ਅੰਬੇਡਕਰ ਤੋਂ ਬਿਨਾਂ

ਕਿਸੇ ਨੇ ਵੀ ਇਸ ਨੂੰ ਵੱਡੀ ਪੱਧਰ 'ਤੇ ਖਤਮ ਕਰਨ ਦਾ ਬੀੜਾ ਨਹੀਂ ਉਠਾਇਆ। ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਕੇਵਲ ਪੜ੍ਹਣ-ਸੁਨਣ ਜਾਂ ਗਾਉਣ ਤੱਕ ਹੀ ਸੀਮਤ ਕੀਤਾ ਹੋਇਆ ਹੈ। ਇਸ ਵਿਚਾਰਧਾਰਾ ਨੂੰ ਅਪਨਾਉਣ ਜਾਂ ਲਾਗੂ ਕਰਨ ਵੱਲ ਕੋਈ ਧਿਆਨ ਨਹੀਂ। ਇਥੋਂ ਤੱਕ ਕਿ ਦਲਿਤ ਸਮਾਜ ਦੇ ਗੁਰੂਆਂ, ਰਹਿਬਰਾਂ ਨੂੰ ਵੀ ਬਣਦਾ ਸਤਿਕਾਰ ਨਹੀਂ ਦਿੱਤਾ ਗਿਆ।

ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਮੁੱਖ ਸਮੱਸਿਆ ਨਾ ਮੰਨਦੇ ਹੋਏ ਇਸ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਇਥੋਂ ਤੱਕ ਕਿ ਡਾ. ਅੰਬੇਡਕਰ ਦੁਆਰਾ ਸੰਵਿਧਾਨ ਵਿਚ ਜਾਤ-ਪਾਤ ਨੂੰ ਤੋੜਨ, ਦੱਬੇ-ਕੁਚਲੇ ਲੋਕਾਂ ਨੂੰ ਉੱਚਾ ਚੁੱਕਣ ਲਈ ਬਣਾਏ ਕਾਨੂੰਨਾਂ ਨੂੰ ਸੱਚੀ ਭਾਵਨਾ ਨਾਲ ਲਾਗੂ ਨਹੀਂ ਕੀਤਾ।

ਕੀ ਦਲਿਤ ਸਮਾਜ ਨੇ ਇਸ ਜਾਤਪਾਤ ਪ੍ਰਣਾਲੀ ਨੂੰ ਤੋੜਨ ਦਾ ਯਤਨ ਕੀਤਾ? ਦਲਿਤ ਸਮਾਜ ਵੀ ਇਸ ਵਾਸਤੇ ਯੋਗ ਉਪਰਾਲਾ ਨਹੀਂ ਕਰ ਸਕਿਆ।ਇਸ ਦਾ ਪਹਿਲਾ ਮੁੱਖ ਕਾਰਨ ਅਨਪੜ੍ਹਤਾ।ਅਨਪੜ੍ਹਤਾ ਵਸ ਇਹ ਜਾਤ-ਪਾਤ ਅਤੇ ਇਸ ਤੋਂ ਪੈਦਾ ਹੋਈਆਂ ਹੋਰ ਸਮੱਸਿਆਵਾਂ ਜਿਵੇਂ ਛੂਆ-ਛਾਤ, ਗਰੀਬੀ, ਲਾਚਾਰੀ, ਬੇਬਸੀ, ਹੀਣਤਾ, ਰੋਗੀ ਸਰੀਰ, ਨਸ਼ਿਆਂ ਵਿਚ ਬਰਬਾਦ ਜੀਵਨ ਨੂੰ ਆਪਣੀ ਕਿਸਮਤ ਸਮਝੀ ਬੈਠਾ ਹੈ ਅਤੇ ਇਸ ਤੋਂ ਬਾਹਰ ਨਿਕਲਣ ਲਈ ਹੰਭਲਾ ਨਹੀਂ ਮਾਰ ਰਿਹਾ। ਮਾਣ-ਸਨਮਾਨ ਵਾਲੇ, ਖੁਸ਼ਹਾਲ ਅਤੇ ਸੁਚੱਜੇ ਜੀਵਨ ਦੀ ਲਾਲਸਾ ਨੂੰ ਤਿਆਗੀ ਬੈਠਾ ਹੈ। ਇਸ ਦੇ ਪੜ੍ਹੇ-ਲਿਖੇ ਵਰਗ ਨੇ ਵੀ ਇਸ ਲਈ ਕੁੱਝ ਨਹੀਂ ਕੀਤਾ। ਪੜ੍ਹ-ਲਿਖ ਕੇ ਨੌਕਰੀਆਂ, ਉਚ-ਅਹੁਦੇ ਹਾਸਲ ਕਰਕੇ ਇਹ ਲੋਕ ਆਪਣੇ ਸਮਾਜ ਨੂੰ ਅਲਵਿਦਾ ਕਹਿ ਗਏ। ਆਪਣੀ ਜਾਤ ਗੋਤ ਬਦਲ ਕੇ ਉਚ ਜਾਤੀਏ ਬਣ ਗਏ ਅਤੇ ਦੂਸਰੇ ਲੋਕਾਂ ਵਿਚ ਰਲ ਗਏ।

ਜੇਕਰ ਸਮੁੱਚੇ ਦੇਸ਼ ਦੀ ਆਰਥਿਕਤਾ ਵੱਲ ਝਾਤੀ ਮਾਰੀਏ ਤਾਂ ਉੱਚ ਜਾਤੀਆਂ ਅਤੇ ਦਲਿਤਾਂ, ਗਰੀਬਾਂ ਵਿਚਕਾਰ ਆਰਥਿਕ ਪਾੜਾ ਬਹੁਤ ਜ਼ਿਆਦਾ ਵਧ ਗਿਆ ਹੈ। ਇੱਕ ਪਾਸੇ ਤਾਂ ਇਹਨਾਂ ਕੋਲ ਪੈਸਿਆਂ ਦੇ ਢੇਰ, ਆਲੀਸ਼ਾਨ ਮਹੱਲ, ਲੱਖਾਂ ਦੀਆਂ ਕਾਰਾਂ, ਅਰਬਾਂ ਦੀਆਂ ਜ਼ਮੀਨਾਂ-ਜਾਇਦਾਦਾਂ ਦੇ ਮਾਲਕ, ਦੂਸਰੇ ਪਾਸੇ ਭੁੱਖ ਮਰੀ ਦਾ ਸ਼ਿਕਾਰ, ਗਰੀਬ ਸਮਾਜ ਜਿਨ੍ਹਾਂ ਕੋਲ ਕੱਖਾਂ ਦੀ ਕੁੱਲੀ ਪਾਉਣ ਲਈ ਵੀ ਜਗ੍ਹਾ ਨਹੀਂ ਹੈ। ਉਪਰੋਂ ਮਹਿਗਾਈ, ਭ੍ਰਿਸ਼ਟਾਚਾਰ, ਬਿਮਾਰੀਆਂ ਅਤੇ ਨਸ਼ਿਆਂ ਨੇ ਦਲਿਤ ਸਮਾਜ ਦਾ ਕਚੂੰਮਰ ਕੱਢ ਦਿੱਤਾ ਹੈ। ਹੁਣ ਤਾਂ ਗਰੀਬ ਸਮਾਜ ਇਨ੍ਹਾਂ ਲਈ ਕੀੜਿਆਂ ਕਾਡਿਆਂ ਸਮਾਨ ਹੋਵੇਗਾ। ਸਿੱਖਿਆ ਇਤਨੀ ਜ਼ਿਆਦਾ ਮਹਿੰਗੀ ਕਰ ਦਿੱਤੀ ਹੈ ਕਿ ਦਲਿਤ ਸਮਾਜ ਦੇ ਬੱਚੇ ਇੰਜੀਨੀਅਰ, ਡਾਕਟਰ, ਵਕੀਲ ਤਾਂ ਕੀ ਬਣਨਗੇ ਇਹ ਤਾਂ ਦਸਵੀਂ-ਬਾਰ੍ਹਵੀਂ ਤੋਂ ਅੱਗੇ ਨਹੀਂ ਜਾ ਸਕਣਗੇ। ਰੋਜ਼ਗਾਰ ਦਾ ਨਿੱਜੀਕਰਣ, ਠੇਕੇਦਾਰੀ ਕਰਣ ਹੋ ਚੁੱਕਾ ਹੈ। ਠੇਕੇਦਾਰ ਤਾਂ ਲੱਖਾਂ ਕਮਾਉਂਦਾ ਹੈ ਪਰ ਮਿਹਨਤੀ ਦੇ ਪੱਲੇ ਕੁੱਝ ਵੀ ਨਹੀਂ ਪੈਣ ਦਿੱਤਾ ਜਾਂਦਾ। ਅਰਬਾਂ ਦੀਆਂ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਆਪਣੇ ਲਈ ਰਿਜ਼ਰਵਰੇਸ਼ਨ ਮੰਗ ਰਹੇ ਹਨ ਤਾਂ ਕਿ ਦਲਿਤਾਂ ਦੀ ਰਿਜ਼ਰਵਰੇਸ਼ਨ ਦਾ ਹੱਕ ਖਤਮ ਕੀਤਾ ਜਾ ਸਕੇ ਤਾਂ ਫਿਰ ਦੇਸ਼ ਦੇ ਦਲਿਤ, ਗਰੀਬ ਆਦਮੀ ਕੋਲ ਕੀ ਬਚਦਾ ਹੈ? ਨਾ ਸਿੱਖਿਆ, ਨਾ ਸਨਮਾਨਜਨਕ ਜੀਵਨ, ਨਾ ਰੁਜ਼ਗਾਰ, ਨਾ ਰਹਿਣ ਵਾਸਤੇ ਕੋਈ ਥਾਂ-ਮਕਾਨ, ਨਾ ਸੰਤੁਲਿਤ ਭੋਜਨ, ਨਾ ਅਰੋਗ ਸਰੀਰ। ਸੋ ਦੇਸ਼ ਇਸ

ਸਥਿਤੀ ਵਿੱਚ ਪਹੁੰਚ ਚੁੱਕਾ ਹੈ ਕਿ ਦਲਿਤ, ਗਰੀਬ ਸਮਾਜ ਨੂੰ ਖਤਮ ਹੀ ਕਰ ਦਿਉ, ਦੇਸ਼ ਵਿੱਚੋਂ ਗਰੀਬੀ ਆਪਣੇ ਆਪ ਖਤਮ ਹੋ ਜਾਵੇਗੀ।

ਸੋ ਇਸ ਸਮਾਜ ਕੋਲ ਆਪਣੇ ਆਪ ਨੂੰ ਇਸ ਦੇਸ਼ ਵਿਚ ਜਿਊਂਦੇ ਰੱਖਣ ਲਈ ਸਿਰਫ ਤਿੰਨ ਹਥਿਆਰ ਹੀ ਬਚਦੇ ਹਨ। ਇੱਕ ਵੱਖਰੀ ਦਲਿਤ ਰਾਜਨੀਤਕ ਸ਼ਕਤੀ ਅਤੇ ਦੂਜੀ ਸਿੱਖਿਆ ਅਤੇ ਤੀਸਰਾ ਸੰਘਰਸ਼। ਇਸ ਵਿੱਚ ਸਭ ਤੋਂ ਉੱਤਮ ਹੈ ਵੱਖਰੀ ਦਲਿਤ ਰਾਜਨੀਤਕ ਸ਼ਕਤੀ। ਕਿਉਂਕਿ ਅਜ਼ਾਦੀ ਤੋਂ ਪੈਂਹਟ ਸਾਲ ਬਾਅਦ ਵੀ ਦੇਸ਼ ਦੀਆਂ ਉੱਚ ਜਾਤੀ ਸਰਕਾਰਾਂ ਜਾਂ ਇਹਨਾਂ ਦੇ ਪਿੱਛਲੱਗੂ ਦਲਿਤ ਮੰਤਰੀਆਂ ਨੇ ਇਸ ਸਮਾਜ ਨੂੰ ਲਾਰਿਆਂ ਤੋਂ ਬਿਨਾਂ ਕੁਝ ਵੀ ਨਹੀਂ ਦਿੱਤਾ। ਜੇਕਰ ਦਲਿਤ ਇੱਕ ਵੱਖਰੀ ਰਾਜਨੀਤਕ ਸ਼ਕਤੀ ਬਣਕੇ ਉਭਰਦਾ ਹੈ ਤਾਂ ਹੀ ਇਸ ਦਾ ਕੁਝ ਬਣ ਸਕਦਾ ਹੈ। ਉੱਤਰ ਪ੍ਰਦੇਸ਼ ਵਿੱਚ ਦਲਿਤ ਇੱਕ ਵੱਖਰੀ ਰਾਜਨੀਤਕ ਸ਼ਕਤੀ ਵਜੋਂ ਉਭਰਿਆ ਹੈ। ਜਿਥੇ ਉਸ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਾਣ-ਸਨਮਾਨ, ਬਰਾਬਰਤਾ ਅਤੇ ਆਰਥਿਕ ਸੁਧਾਰ ਦਾ ਜੀਵਨ ਮਿਲ ਰਿਹਾ ਹੈ। ਜਿਥੇ ਇਹ ਨਵੀਂ ਦਲਿਤ ਪੀੜ੍ਹੀ ਲਈ ਵਰਦਾਨ ਸਾਬਿਤ ਹੋਵੇਗਾ। ਇਹ ਰਾਜਨੀਤਕ ਸ਼ਕਤੀ ਪ੍ਰਾਪਤ ਕਰਨੀ ਕੋਈ ਔਖਾ ਕੰਮ ਨਹੀਂ ਬਸ ਲੋੜ ਹੈ ਚੰਦ ਪੈਸਿਆਂ ਅਤੇ ਨਸ਼ਿਆਂ ਦੇ ਲਾਲਚ ਨੂੰ ਤਿਆਗ ਕੇ ਮਨ 'ਚੋਂ ਗੁਲਾਮੀ ਭਰੇ ਡਰ ਨੂੰ ਕੱਢ ਕੇ ਸਮੁੱਚੀ ਕੌਮ ਨੂੰ ਇੱਕਠੇ ਹੋਣ ਦੀ। ਪ੍ਰੰਤੂ ਜੇਕਰ ਦਲਿਤ ਇੱਕ ਵੱਖਰੀ ਰਾਜਨੀਤਕ ਸ਼ਕਤੀ ਹਾਸਲ ਕਰਨ ਵਿੱਚ ਨਾ-ਕਾਮਯਾਬ ਰਹਿੰਦਾ ਹੈ ਅਤੇ ਉਸ ਦਾ ਸ਼ੋਸ਼ਣ ਵੀ ਉਸੇ ਤਰ੍ਹਾਂ ਕਾਇਮ ਰਿਹਾ ਤਾਂ ਇਹ ਦੇਸ਼ ਦੀ ਅਖੰਡਤਾ, ਸਾਂਝੀਵਾਲਤਾ ਅਤੇ ਭਾਈਚਾਰਕ ਸਾਂਝ ਲਈ ਖਤਰਾ ਸਾਬਿਤ ਹੋਵੇਗਾ।

ਮਹਿੰਦਰ ਸੰਧੂ 'ਮਹੇੜੂ'
ਪਿੰਡ-ਮਹੇੜੂ, ਜ਼ਿਲ੍ਹਾ ਕਪੂਰਥਲਾ , # 98726-96840

## ਸ੍ਰੀ ਗੁਰੂ ਰਵਿਦਾਸ ਜੀ ਦੀ ਉਸਤਤਿ

ਰਵਿਦਾਸੁ ਚਮਾਰ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 733)

ਕਬੀਰ ਧਿਆਇਓ ਏਕ ਰੰਗ, ਨਾਮਦੇਵ ਹਰਿਜੀਉ ਬਸਹਿ ਸੰਗਿ॥
ਰਵਿਦਾਸ ਧਿਆਏ ਪ੍ਰਭ ਅਨੂਪ। ਗੁਰ ਨਾਨਕ ਦੇਵ ਗੋਬਿੰਦ ਰੂਪ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1192)

ਭਲੋ ਕਬੀਰ ਦਾਸੁ ਦਾਸਨ ਕੋ ਉਤਮੁ ਸੈਨ ਜਨੁ ਨਾਈ॥
ਊਚ ਤੇ ਊਚ ਨਾਮ ਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1207)

ਰਵਿਦਾਸ ਢੁਵੰਤਾ ਢੋਰ ਨੀਤਿ ਤਿਨ ਤਿਆਗੀ ਮਾਇਆ॥
ਪਰਗਟ ਹੋਆ ਸਾਧ ਸੰਗਿ ਹਰਿ ਦਰਸਨ ਪਾਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 487)

# ਏਕਤਾ ਬਲਵਾਨ ਹੈ

ਸਤਿਗੁਰੂ ਰਵਿਦਾਸ ਜੀ ਨੇ ਵਿਸ਼ਵ-ਸਾਂਝੀਵਾਲਤਾ ਦਾ ਪੈਗਾਮ ਦਿੱਤਾ ਹੈ। ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਵਾਲਾ ਹਰ ਮਨੁੱਖ ਸਾਡਾ ਮਿੱਤਰ ਹੈ, ਸਾਡਾ ਭਰਾ ਹੈ।

**ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਿਰੀ ਸੁ ਮੀਤੁ ਹਮਾਰਾ॥**

ਗੁਰੂ ਰਵਿਦਾਸ ਜੀ ਦੀ ਹੀ ਬਾਣੀ ਹੈ, ਜਿਹੜੀ ਸਮੁੱਚੇ ਵਿਸ਼ਵ ਵਿਚ ਇਕ ਵਿਸ਼ਵ-ਰਾਜ, ਵਿਸ਼ਵ-ਧਰਮ ਅਤੇ ਪੂਰਨ ਅਜ਼ਾਦੀ ਦੀ ਗੱਲ ਹੀ ਨਹੀਂ ਕਰਦੀ ਸਗੋਂ ਇਸ ਉਸ ਨੂੰ ਲਾਗੂ ਕਰਨ ਲਈ ਆਪਣੇ ਸਿਧਾਂਤ ਵੀ ਪੇਸ਼ ਕਰਦੀ ਹੈ। ਡਾ. ਜੀਤ ਸਿੰਘ ਸੀਤਲ ਗੁਰੂ ਰਵਿਦਾਸ ਜੀ ਦੇ ਸ਼ਬਦ ਬੇਗਮਪੁਰਾ ਸਹਰ ਕੋ ਨਾਉ ਸਬੰਧੀ ਲਿਖਦੇ ਹਨ ਕਿ ਇਸ ਸ਼ਬਦ ਤੋਂ ਵੱਡੇ-ਵੱਡੇ ਸਮਾਜ-ਵਿਗਿਆਨੀ, ਬੁੱਧੀ-ਜੀਵੀ ਤੇ ਰਾਜਸੀ ਸ਼ਾਸ਼ਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜੇਹੇ ਸਮ-ਦੇਸ਼, ਸਮ-ਰਾਜ, ਸਮ-ਸ਼ਹਿਰੀ, ਸਮ-ਅਧਿਕਾਰੀ ਤੇ ਮਾਨਵ-ਵਤਨਗਾਹ ਦਾ ਸੰਕਲਪ ਨਹੀਂ ਲੈ ਸਕੇ।......ਕਿਸੇ ਮਹਾਪੁਰਸ਼ ਨੇ ਦੇਸ਼ ਦੀਆਂ ਹੱਦਾਂ ਤੇ ਉਸ ਦੇ ਹਿੱਤਾਂ ਤੋਂ ਉਤਾਂਹ ਉਠ ਕੇ ਸਾਰੇ ਵਿਸ਼ਵ ਵਿਚ ਝਾਤ ਨਹੀਂ ਮਾਰੀ। ਇਹੀ ਕਾਰਣ ਹੈ ਕਿ ਅੱਜ ਤੱਕ ਅੰਤਰ ਦੇਸ਼ਾਂ ਦੇ ਝਗੜੇ ਨਹੀਂ ਮੁੱਕੇ।......ਕਿਸੇ ਭਗਤ ਨੇ ਅਜਿਹੇ ਰਾਜਸੀ, ਸਮਾਜਿਕ, ਆਰਥਕ ਜਾਂ ਭੂਗੋਲਿਕ ਅੰਤਰ-ਰਾਸ਼ਟਰੀ ਦੇਸ਼ ਦੀ ਸਥਾਪਨਾ ਦੀ ਗੱਲ ਨਹੀਂ ਕੀਤੀ। ਅੱਜ ਤੋਂ ਛੇ ਸੌ ਸਾਲ ਪਹਿਲਾਂ ਅਜਿਹੇ ਵਤਨ ਜਾਂ ਸਰਵ-ਮਾਨਵੀ ਦੇਸ਼ ਬਾਰੇ ਸੋਚਣਾ ਤੇ ਅਣ-ਐਲਾਨੀਆ ਉਸ ਦੀ ਰੂਪ-ਰੇਖਾ ਉਲੀਕਣਾ ਗੁਰੂ ਰਵਿਦਾਸ ਜੇਹੇ ਵਿਸ਼ਵ-ਮਾਨਵ, ਦੇਵਤਾ ਸਮਾਨ ਪੁਰਸ਼ ਗੁਰੂ ਦੇ ਹਿੱਸੇ ਆ ਸਕਿਆ। ਆਪਣੇ ਆਪ ਸਾਡਾ ਸੀਸ ਉਨ੍ਹਾਂ ਦੀ ਮਹਾਨ ਪ੍ਰਤਿਭਾ ਅੱਗੇ ਝੁਕ ਜਾਂਦਾ ਹੈ।

ਪ੍ਰੋ. ਲਾਲ ਸਿੰਘ ਆਪਣੀ ਨਵੀਂ ਛਪ ਰਹੀ ਪੁਸਤਕ ਵਿਸ਼ਵ ਸੰਵਿਧਾਨ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ ਵਿਚ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਇਕ ਨਵੀਂ ਵਿਸ਼ਵ ਵਿਚਾਰਧਾਰਾ ਦਾ ਨਿਰਮਾਣ ਕੀਤਾ। ਇਹ ਵਿਚਾਰਧਾਰਾ ਅੱਜ ਵਿਸ਼ਵ ਦੀ ਹਰ ਸੰਸਥਾ ਦਾ ਆਧਾਰ ਬਣ ਗਈ ਹੈ।ਭਾਵੇਂ ਉਹ ਯੂ.ਐਨ. (U.N.) ਹੋਵੇ ਜਾਂ ਯੂਨੀਸੇਫ (UNICEF), ਆਈ.ਐਲ.ਓ. (I.L.O.) ਹੋਵੇ, ਡਬਲਿਯੂ.ਐਚ.ਓ. (W.H.O.) ਚਾਹੇ ਉਹ ਵਰਲਡ ਪੀਸ ਕੌਂਸਲ (World Peace Council) ਹੋਵੇ ਜਾਂ ਸਕਿਉਰਟੀ ਕੌਂਸਲ (Security Council) ਸੰਸਥਾਵਾਂ ਆਦਿ ਦਾ ਆਧਾਰ ਇਹੋ ਵਿਸ਼ਵ-ਬੇਗਮਪੁਰਾ ਦਾ ਸੰਕਲਪ ਹੀ ਹੈ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਪੂਰੇ ਵਿਸ਼ਵ ਨੂੰ ਭਾਈਚਾਰਕ ਸਾਂਝ ਦਾ ਬੜਾ ਵਡਮੁੱਲਾ ਉਪਦੇਸ਼ ਬਖਸ਼ਿਸ਼ ਕੀਤਾ ਹੈ। ਪ੍ਰੰਤੂ ਜਿਸ ਮਕਸਦ ਲਈ ਇਹ ਲੇਖ ਲਿਖਿਆ ਹੈ ਕਿ ਕੀ ਗੁਰੂ ਰਵਿਦਾਸ ਜੀ ਦੀ ਅੰਸ਼, ਉਹਨਾਂ ਦੇ ਪੈਰੋਕਾਰ, ਅਖਵਾਉਣ ਵਾਲਾ ਸਾਡਾ ਸਮਾਜ ਕੀ ਇਸ ਨੂੰ ਅਮਲ ਵਿਚ ਲਿਆ ਰਿਹਾ ਹੈ? ਕੀ ਸਾਡੇ ਜੀਵਨ ਵਿਚੋਂ ਪਰਿਵਾਰਕ ਸਾਂਝ, ਸਮਾਜਿਕ ਏਕਤਾ ਦੇ ਰਿਸ਼ਤੇ ਮਨਫੀ ਨਹੀਂ ਹੋ ਰਹੇ? ਇਥੋਂ ਤੱਕ ਕਿ ਅਸੀਂ ਗੁਰੂ ਰਵਿਦਾਸ ਜੀ

ਦੇ ਨਾਮ 'ਤੇ ਵੀ ਇਕੱਠੇ ਨਹੀਂ ਹੋ ਰਹੇ। ਸਾਡੀ ਹਰ ਇਕ ਦੀ ਸੋਚ ਤਾਂ ਅਲੱਗ-ਅਲੱਗ ਹੋ ਸਕਦੀ ਹੈ ਪਰ ਸਾਡਾ ਉਦੇਸ਼ ਅਲੱਗ-ਅਲੱਗ ਨਹੀਂ ਹੋਣਾ ਚਾਹੀਦਾ। ਸਾਡਾ ਸਾਰਾ ਸਮਾਜ ਖਿੰਡ-ਖਿੰਡ ਹੋਇਆ ਪਿਆ ਹੈ। ਕੋਈ ਆਦਿ-ਧਰਮ ਦੇ ਉਦੇਸ਼ਾਂ ਨਾਲ ਗੁਰੂ ਰਵਿਦਾਸ ਜੀ ਨੂੰ ਮੰਨਦਾ ਹੈ, ਕੋਈ ਹਿੰਦੂ ਧਰਮ, ਕੋਈ ਬੁੱਧ ਧਰਮ, ਕੋਈ ਸਿੱਖ ਧਰਮ, ਕੋਈ ਰਵਿਦਾਸੀਆ ਧਰਮ ਅਤੇ ਕੋਈ ਕਿਸੇ ਹੋਰ ਉਦੇਸ਼ਾਂ ਨਾਲ। ਅਸੀਂ ਇਕ-ਦੂਜੇ 'ਤੇ ਹੀ ਭਾਰੂ ਹੋਣ ਦੇ ਯਤਨਾਂ ਵਿਚ ਹਾਂ। ਇਥੋਂ ਤੱਕ ਕਿ ਇਸ ਮਕਸਦ ਦੀ ਪੂਰਤੀ ਲਈ ਕਈ ਗਲਤ ਹੱਥਕੰਡੇ ਵੀ ਅਪਨਾਏ ਜਾ ਰਹੇ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਕਈ ਲੋਕ, ਲੇਖਕ, ਵਿਦਵਾਨ, ਸੰਸਥਾਵਾਂ, ਗੁਰੂ ਰਵਿਦਾਸ ਜੀ ਦੇ ਪੈਰੋਕਾਰ ਅਤੇ ਦਲਿਤ ਸਮਾਜ ਦੇ ਦਰਦੀਆਂ ਦਾ ਲੇਬਲ ਲਗਾ ਕੇ ਸਾਡੇ ਸਮਾਜ ਨੂੰ ਵਰਤ ਰਹੇ ਹਨ ਜਾਂ ਆਪਣੇ ਵੱਲ ਖਿਚ ਰਹੇ ਹਨ। ਜਦ ਕਿ ਇਨ੍ਹਾਂ ਦਾ ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਨਾਲ ਕੋਈ ਸਰੋਕਾਰ ਨਹੀਂ ਹੈ।ਸਾਨੂੰ ਇਨ੍ਹਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

ਇਹੋ ਜਿਹੀ ਖਿਚੋ-ਤਾਣ ਦੀ ਸਥਿਤੀ ਦੇ ਚਲਦਿਆਂ ਗੁਰੂ ਰਵਿਦਾਸ ਨਾਮਲੇਵਾ ਸਮਾਜ ਦੇ ਵਿਰੋਧੀ ਸਾਨੂੰ ਆਪਸ ਵਿਚ ਲੜਾਉਣ ਦੇ ਯਤਨ ਵਿਚ ਹਨ। ਸਾਨੂੰ ਕਦੇ ਵੀ ਇਹਨਾਂ ਦੀਆਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦੇਣਾ ਚਾਹੀਦਾ। ਹਰ ਹਾਲਤ ਵਿਚ ਸਮਾਜਿਕ ਏਕਤਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਇਸ ਵਾਸਤੇ ਸਮਾਜ ਦੇ ਸੰਗਠਨਾਂ, ਸੁਸਾਇਟੀਆਂ, ਕੌਮ ਦੇ ਦਰਦੀਆਂ (ਸਮਾਜ ਦਾ ਭਲਾ ਚਾਹੁਣ ਵਾਲਿਆਂ), ਬੁੱਧੀਜੀਵੀਆਂ, ਲੇਖਕਾਂ, ਗੀਤਕਾਰਾਂ ਨੂੰ ਆਪਣੀ ਇਸ ਡਿਊਟੀ ਲਈ ਹਰ ਵਕਤ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ ਕਿ ਜੇਕਰ ਕਿਤੇ ਵੀ ਅਜਿਹੇ ਹਾਲਾਤ ਕਾਇਮ ਹੁੰਦੇ ਹਨ ਤਾਂ ਇਕ-ਦਮ ਉਹਨਾਂ ਨੂੰ ਕਾਬੂ ਵਿਚ ਕੀਤਾ ਜਾ ਸਕੇ ਅਤੇ ਸਮਾਜ ਦੇ ਆਪਸੀ ਟਕਰਾ ਨੂੰ ਰੋਕਿਆ ਜਾ ਸਕੇ। ਇਸ ਵਾਸਤੇ ਬਹੁਤੀਆਂ ਸੰਸਥਾਵਾਂ ਵਲੋਂ ਰਲ ਕੇ ਇਕ ਸਾਂਝਾ ਸਮਾਜਿਕ ਏਕਤਾ ਸੰਗਠਨ ਬਣਾਇਆ ਜਾ ਸਕਦਾ ਹੈ।

ਅੰਤ ਵਿਚ ਇਹੀ ਗੁਜਾਰਿਸ਼ ਹੈ ਕਿ ਜੇਕਰ ਅਸੀਂ ਸਹੀ ਅਰਥਾਂ ਵਿਚ ਗੁਰੂ ਜੀ ਦੇ ਸੇਵਕ ਹਾਂ, ਅੰਸ਼ ਹਾਂ, ਤਾਂ ਸਾਨੂੰ ਗੁਰੂ ਜੀ ਦੇ ਵਿਸ਼ਵ-ਸਾਂਝੀਵਾਲਤਾ ਦੇ ਪੈਗਾਮ 'ਤੇ ਪਹਿਰਾ ਦੇਣਾ ਚਾਹੀਦਾ ਹੈ।ਸਾਡੇ ਸਮਾਜ ਦਾ ਕੋਈ ਵੀ ਮੈਂਬਰ ਭਾਵੇਂ ਕਿਸੇ ਵੀ ਧਰਮ ਨੂੰ ਮੰਨਦਾ ਹੋਵੇ, ਕਿਸੇ ਵੀ ਡੇਰੇ ਦਾ ਸੇਵਕ ਹੋਵੇ, ਕਿਸੇ ਵੀ ਸੰਸਥਾ ਦਾ ਮੈਂਬਰ ਹੋਵੇ, ਉਹ ਸਾਡਾ ਭਰਾ ਹੈ, ਮਿੱਤਰ ਹੈ।ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਸਾਨੂੰ ਮਧੂ-ਮੱਖੀਆਂ ਦੀ ਤਰ੍ਹਾਂ ਸੰਗਠਿਤ ਹੋਣ ਅਤੇ ਆਪਣੇ ਹੱਕਾਂ ਦੀ ਰਾਖੀ ਕਰਨ ਦਾ ਹੁਕਮ ਕੀਤਾ ਹੈ।

**ਸਤਿ ਸੰਗਤਿ ਮਿਲਿ ਰਹੀਏ ਮਾਧਉ, ਜੈਸੇ ਮਧੁਪ ਮਖੀਰਾ ॥**

ਸੋ ਸਾਨੂੰ ਸਮੁੱਚੇ ਸਮਾਜ ਨੂੰ ਸਾਂਝੇ ਰੂਪ ਵਿਚ ਇਕੱਠੇ ਹੋ ਕੇ ਆਪਣੇ ਹੱਕਾਂ, ਗਰੀਬਾਂ, ਮਜ਼ਲੂਮਾਂ ਲਈ ਸੰਘਰਸ਼ ਕਰਨਾ ਚਾਹੀਦਾ ਹੈ।

**ਪਰਮਜੀਤ ਵਿਰਦੀ**
**ਲੰਮਾ ਪਿੰਡ, ਜਲੰਧਰ**
**# 97790-57827**

# ਗੁਰੂ ਰਵਿਦਾਸ ਜੀ ਦੀ ਬਾਣੀ ਸੰਬੰਧੀ ਕੁੱਝ ਭੁਲੇਖੇ

ਗੁਰੂ ਜੀ ਦੀ ਬਾਣੀ ਦੇ ਅਰਥਾਂ ਸਬੰਧੀ ਕਈ ਵਾਰ ਭੁਲੇਖਾ ਖਾ ਜਾਂਦੇ ਹਾਂ ਅਤੇ ਗਲਤ ਅਰਥ ਕਰ ਜਾਂਦੇ ਹਾਂ ਜਾਂ ਸਮਝ ਲੈਂਦੇ ਹਾਂ ਜੋ ਕਿ ਗੁਰੂ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੁੰਦੇ। ਜਿਵੇਂ ਗੁਰੂ ਜੀ ਦੀ ਬਾਣੀ ਵਿਚ ਆਏ ਸ਼ਬਦ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥ ਦਾ ਭਾਵ ਅਸੀਂ ਦਸ਼ਰਥ ਪੁੱਤਰ ਸ਼੍ਰੀ ਰਾਮ ਚੰਦਰ ਤੋਂ ਲੈਂਦੇ ਹਾਂ। ਸਤਜੁਗਿ ਸਤਿ ਤੇਤਾ ਜਗੀ, ਦੁਆਪਰਿ ਪੂਜਾਚਾਰ॥ ਵਿਚ ਗੁਰੂ ਜੀ ਯੁੱਗਾਂ ਦੀ ਪੂਜਾ ਨੂੰ ਮਾਨਤਾ ਦਿੰਦੇ ਹਨ। ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ ਤੋਂ ਅਸੀਂ ਭਾਵ ਲੈਂਦੇ ਹਾਂ ਕਿ ਇਸ ਸ਼ਬਦ ਦੁਆਰਾ ਗੁਰੂ ਜੀ ਕਲਿਯੁਗ ਵਿਚ ਮਨੁੱਖਤਾ ਨੂੰ ਸਿਮਰਨ ਨਾਲ ਜੋੜਦੇ ਹਨ। ਜਿਹ ਕੁਲ ਸਾਧੁ ਬੈਸਨੌ ਹੋਇ॥ ਇਸ ਵਿਚ ਬੈਸਨੌ ਸ਼ਬਦ ਤੋਂ ਅਸੀਂ ਗੁਰੂ ਜੀ ਨੂੰ ਵਿਸ਼ਨੂੰ ਜਾਂ ਸ਼ਿਵ ਜੀ ਦੇ ਉਪਾਸ਼ਕ ਸਮਝਦੇ ਹਾਂ। ਨਿਮਤ ਨਾਮਦੇਉ ਦੂਧੁ ਪੀਆਇਆ ਤਉ ਜਗ ਜਨਮ ਸੰਕਟ ਨਹੀ ਆਇਆ॥ ਵਿਚ ਅਸੀਂ ਸਮਝਦੇ ਹਾਂ ਕਿ ਸਤਿਗੁਰੂ ਨਾਮਦੇਵ ਜੀ ਨੇ ਠਾਕਰ ਜਾਂ ਮੂਰਤੀ ਨੂੰ ਦੁੱਧ ਪਿਲਾਇਆ ਸੀ। ਚਮਰਟਾ ਗਾਂਠਿ ਨ ਜਨਈ॥ ਲੋਗੁ ਗਠਾਵੈ ਪਨਹੀ॥ ਤੋਂ ਅਸੀਂ ਸਮਝਦੇ ਹਾਂ ਕਿ ਗੁਰੂ ਜੀ ਇਸ ਕਿੱਤੇ ਨਾਲ ਸੰਬੰਧਿਤ ਨਹੀਂ ਹਨ ਅਤੇ ਦੋ ਭੁਲੇਖੇ ਹੋਰ ਜਿਸ ਬਾਰੇ ਅਸੀਂ ਕੁੱਝ ਵਿਸਥਾਰ ਨਾਲ ਵਿਚਾਰ ਕਰਾਂਗੇ, ਉਹ ਇਸ ਪ੍ਰਕਾਰ ਹੈ :-

**੧. ਮੇਰੀ ਸੰਗਤਿ ਪੋਚ ਸੋਚ ਦਿਨ ਰਾਤੀ॥**

ਇਸ ਪਾਵਨ ਸ਼ਬਦ ਦੇ ਪਹਿਲੇ ਬੰਧ ਸੰਬੰਧੀ ਸਾਡੇ ਮਨਾਂ 'ਚ ਅਨੇਕਾਂ ਭੁਲੇਖੇ ਹਨ। ਇਸ ਸ਼ਬਦ ਦਾ ਪੂਰਾ ਬੰਧ ਇਸ ਤਰਾ ਹੈ :-

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**
**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥**

ਇਥੇ ਅਸੀਂ ਇਹ ਸਮਝਦੇ ਹਾਂ ਕਿ ਗੁਰੂ ਰਵਿਦਾਸ ਜੀ ਕਹਿ ਰਹੇ ਹਨ ਕਿ ਹੇ ਪ੍ਰਭ! ਮੈਨੂੰ ਦਿਨ- ਰਾਤ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਮੇਰੀ ਸੰਗਤ (ਸਾਥ, ਮੇਲ-ਮਿਲਾਪ) ਨੀਵੀਂ ਜਾਤ ਦੇ ਲੋਕਾਂ ਨਾਲ ਹੈ।ਮੇਰਾ ਕਿੱਤਾ ਭੈੜਾ ਹੈ ਅਤੇ ਜਨਮ ਵੀ ਨੀਵੀਂ ਜਾਤ ਵਿਚ ਹੋਇਆ ਹੈ। ਇਥੇ ਸ਼ਬਦ ਪੋਚ ਤੋਂ ਭਾਵ ਨੀਵੀਂ ਜਾਤ, ਕਰਮੁ ਕੁਟਿਲਤਾ ਤੋਂ ਭਾਵ ਭੈੜਾ ਕਿੱਤਾ। ਜਨਮੁ ਕੁਭਾਂਤੀ ਤੋਂ ਭਾਵ ਨੀਵੀਂ ਜਾਤ ਵਿਚ ਜਨਮ ਲੈਣਾ ਤੋਂ ਲਿਆ ਜਾਂਦਾ ਹੈ। ਤਕਰੀਬਨ 99% ਵਿਦਵਾਨ, ਟੀਕਾਕਾਰਾਂ ਨੇ ਇਸੇ ਤਰ੍ਹਾਂ ਅਰਥ ਕੀਤੇ ਹਨ।ਇਸ ਨਾਲ ਕਈ ਤਰ੍ਹਾਂ ਦੇ ਸਵਾਲ ਉਤਪੰਨ ਹੁੰਦੇ ਹਨ।

1. ਕੀ ਨੀਵੀਂ ਜਾਤ ਦੇ ਲੋਕਾਂ ਨਾਲ ਰਹਿਣਾ ਮਾੜੀ ਗੱਲ ਹੈ?
2. ਕੀ ਚਮੜੇ ਦਾ ਕਿੱਤਾ ਜਾਂ ਇਸ ਤਰ੍ਹਾਂ ਦਾ ਹੋਰ ਕਿੱਤਾ ਭੈੜਾ ਹੈ?
3. ਕੀ ਨੀਵੀਂ ਜਾਤ ਜਾਂ ਚਮਾਰ ਜਾਤ ਵਿਚ ਜਨਮ ਲੈਣਾ ਬੁਰਾ ਹੈ?
4. ਜੇਕਰ ਚਮਾਰ ਜਾਤ ਵਿਚ ਜਨਮ ਲੈਣਾ ਬੁਰਾ ਹੈ ਤਾਂ ਕੀ ਪ੍ਰਮਾਤਮਾ ਨੇ ਹੀ ਮਨੁੱਖ ਨੂੰ

ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਦੇ ਤੌਰ 'ਤੇ ਪੈਦਾ ਕੀਤਾ ਹੈ?

ਜਨਮ ਤਾਂ ਬੜਾ ਪਵਿੱਤਰ ਹੈ। ਕੀ ਕਦੇ ਜਨਮ ਵੀ ਬੁਰੀ ਤਰ੍ਹਾਂ ਦਾ ਹੋਇਆ ਹੈ? ਪ੍ਰੋ: ਲਾਲ ਸਿੰਘ ਆਪਣੀ ਪੁਸਤਕ **ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ** ਦੇ ਪੰਨਾ 49 ਉਤੇ ਲਿਖਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਤਾਂ ਮਨੁੱਖ ਦੇ ਜਨਮ ਨੂੰ ਅਵਤਾਰ ਕਿਹਾ ਹੈ।

-ਮਾਨੁਖਾ ਅਵਤਾਰ ਦੁਲਭ, ਤਿਹੀ ਸੰਗਤਿ ਪੋਚ ॥

-ਦੁਲਭੁ ਜਨਮ ਪੁੰਨ ਫਲ ਪਾਇਓ, ਬਿਰਥਾ ਜਾਤ ਅਬਿਬੇਕੈ ॥

ਸਤਿਗੁਰ ਕਬੀਰ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ:-

-ਗਰਭ ਵਾਸ ਮਹਿ ਕੁਲ ਨਹੀ ਜਾਤੀ॥
ਬ੍ਰਹਮ ਬਿੰਦ ਤੇ ਸਭ ਉਤਪਤੀ॥

ਸਪੱਸ਼ਟ ਹੈ ਕਿ ਸ਼ਬਦ ਦੇ ਕੀਤੇ ਹੋਏ ਉਪਰੋਕਤ ਅਰਥ ਗਲਤ ਹਨ। ਪ੍ਰੋ: ਲਾਲ ਸਿੰਘ ਅਨੁਸਾਰ ਇਸ ਦੇ ਸਹੀ ਅਰਥ ਹਨ ਕਿ ਪੋਚ ਦੇ ਅਰਥ ਹਨ-: ਸਭ ਤੋਂ ਨੀਚ ਮਾਇਆ ਦੇ ਪੰਜ ਵਿਕਾਰ। ਕਰਮ ਕੁਟਿਲਤਾ ਦੇ ਅਰਥ ਹਨ-: ਖੋਟੇ ਤੇ ਛਲ ਕਪਟ ਵਾਲੇ ਕਰਮ। ਜਨਮ ਕੁਭਾਂਤੀ ਤੋਂ ਭਾਵ ਹੈ-: ਪਾਪਾਂ ਭਰਿਆ ਜੀਵਨ।ਇਸ ਬੰਧ ਦਾ ਸਮੁੱਚਾ ਭਾਵ ਹੈ-: ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਹਰ ਪਲ ਦਿਨ-ਰਾਤ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਮੇਰੀ ਸੰਗਤ ਮਹਾਂ ਨੀਚ, ਮਾਇਆ ਦੇ ਦੂਤ ਵਿਕਾਰਾਂ ਨਾਲ ਹੈ। ਇਹ ਮੇਰੇ ਸੁਭਾ ਵਿਚ ਰਚ ਗਏ ਹਨ। ਇਸ ਕਰਕੇ ਮੇਰੇ ਕਰਮ ਵੀ ਖੋਟੇ ਅਤੇ ਛਲ-ਕਪਟ ਵਾਲੇ ਬਣ ਗਏ ਹਨ। ਇਨ੍ਹਾਂ ਮਹਾਂ ਨੀਚਾਂ ਨੇ ਮੇਰੇ ਜੀਵਨ ਨੂੰ ਅਪਵਿਤਰ, ਭੈੜਾ ਅਤੇ ਘਟੀਆ ਬਣਾ ਦਿੱਤਾ ਹੈ।

(ਨੋਟ-: ਗੁਰੂ ਰਵਿਦਾਸ ਜੀ ਨੇ ਇਸ ਬੰਧ ਵਿਚ ਆਪਣੇ ਆਪੇ ਨੂੰ ਭਾਵ ਜੀਵ ਨੇ ਆਪਣੇ ਆਪੇ ਨੂੰ ਚੀਨਿਆ ਹੈ, ਆਪੇ ਦੀ ਖੋਜ ਕੀਤੀ ਹੈ।)

**੨. ਜਾਤੀ ਓਛਾ ਪਾਤੀ ਓਛਾ, ਓਛਾ ਜਨਮੁ ਹਮਾਰਾ॥**

ਇਸ ਪਾਵਨ ਬੰਧ ਦੇ ਅਰਥ ਵੀ ਅਸੀਂ ਆਮ ਤੌਰ 'ਤੇ ਗਲਤ ਹੀ ਕਰਦੇ ਹਾਂ ਅਤੇ ਕਿਤਾਬਾਂ ਤੋਂ ਵੀ ਇਸੇ ਤਰ੍ਹਾਂ ਹੀ ਪੜ੍ਹਨ ਨੂੰ ਮਿਲਦਾ ਹੈ। ਪੂਰਾ ਬੰਧ ਇਸ ਤਰਾਂ ਹੈ-:

**ਜਾਤੀ ਓਛਾ ਪਾਤੀ ਓਛਾ, ਓਛਾ ਜਨਮੁ ਹਮਾਰਾ॥**
**ਰਾਜਾ ਰਾਮ ਕੀ ਸੇਵ ਨ ਕੀਨੀ, ਕਹਿ ਰਵਿਦਾਸ ਚਮਾਰਾ॥**

ਇਥੇ ਅਸੀਂ ਸਮਝਦੇ ਹਾਂ ਕਿ ਗੁਰੂ ਰਵਿਦਾਸ ਜੀ ਫਰਮਾਉਂਦੇ ਹਨ ਕਿ ਮੇਰੀ ਜਾਤ, ਪਾਤ ਭਾਵ ਕੁੱਲ ਨੀਵੀਂ ਹੈ ਅਤੇ ਮੇਰਾ ਜਨਮ ਵੀ ਨੀਵਿਆਂ ਦੇ ਘਰ ਭਾਵ ਨੀਚ ਜਾਤੀ ਦੇ ਘਰ ਹੋਇਆ ਹੈ। ਪ੍ਰੰਤੂ ਹੇ ਮਾਲਕ! ਮੈਂ ਹੁਣ ਤੇਰੀ ਸ਼ਰਨ ਵਿਚ ਹਾਂ। ਜਾਂ ਕੁੱਝ ਹੋਰ ਵਿਦਵਾਨ ਵੀ ਇਸ ਨਾਲ ਰਲਦੇ-ਮਿਲਦੇ ਅਰਥ ਕਰਦੇ ਹਨ ਜੋ ਕਿ ਗਲਤ ਹਨ ਅਤੇ ਗੁਰੂ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹਨ। ਕਿਉਂਕਿ ਪ੍ਰਮਾਤਮਾ ਦੇ ਘਰ ਵਿੱਚ ਕੋਈ ਜਾਤ-ਪਾਤ ਨਹੀਂ ਹੈ। ਪ੍ਰੋ: ਲਾਲ ਸਿੰਘ ਇਸ ਦੇ ਅਰਥ ਕਰਦੇ ਲਿਖਦੇ ਹਨ-:

ਹੇ ਪ੍ਰਭ! ਰਵਿਦਾਸ ਚਮਾਰ ਇਹ ਪ੍ਰਵਾਨ ਕਰਦਾ ਹੈ ਕਿ ਮੈਂ ਤੇਰੀ ਸ਼ਰਨ ਆ ਕੇ ਤੇਰੀ ਭਗਤੀ ਨਹੀਂ ਕੀਤੀ, ਤੇਰੀ ਸੇਵਾ ਨਹੀਂ ਕੀਤੀ, ਕਿਉਂਕਿ ਮੇਰੇ ਮਨ ਦਾ ਸੁਭਾਅ ਵਿਕਾਰਾਂ ਕਾਰਣ

ਪਾਪੀਆਂ ਵਾਲਾ ਬਣ ਗਿਆ ਹੈ। ਇਨ੍ਹਾਂ ਵਿਕਾਰਾਂ ਦਾ ਸ੍ਰੋਤ ਵੀ ਮਾਇਆ ਹੀ ਹੈ (ਪੰਜੇ ਵਿਕਾਰ ਮਾਇਆ ਦੇ ਦੂਤ ਹਨ)। ਇਸ ਕਰਕੇ ਮੇਰਾ ਸਮੁੱਚਾ ਜੀਵਨ ਪਾਪਾਂ ਨਾਲ ਭਰ ਗਿਆ ਹੈ। ਹੇ ਪ੍ਰਭ! ਮੇਰੇ 'ਤੇ ਮਿਹਰ ਕਰ ਅਤੇ ਮੈਨੂੰ ਆਪਣੀ ਸਤਿ-ਸੰਗਤ ਦੀ ਦਾਤ ਬਖਸ਼ ਕੇ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰੋ।

ਸੋ ਉਪਰੋਕਤ ਅਰਥ ਗੁਰੂ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਅਤੇ ਸਹੀ ਹਨ। ਅਜਿਹੇ ਹੋਰ ਸ਼ੰਕਿਆਂ ਦੀ ਨਵਿਰਤੀ ਲਈ ਪ੍ਰੋ: ਲਾਲ ਸਿੰਘ ਜੀ ਦੇ ਮੋਬਾਈਲ ਨੰਬਰ 94175-57751 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰੂ ਰਵਿਦਾਸ ਬਾਣੀ ਵਿਚ ਨਰਕਾਂ ਦਾ ਮਹੱਤਵ

ਹਿੰਦੂ ਮੱਤ ਵਿਚ ਨਰਕਾਂ-ਸਵਰਗਾਂ ਦਾ ਖਾਸ ਮਹੱਤਵ ਹੈ। ਇਸ ਅਨੁਸਾਰ ਨਰਕ ਉਹ ਦੇਸ਼ (ਥਾਂ) ਹੈ ਜਿਥੇ ਪਾਪੀ ਜੀਵ ਮਰਨ ਤੋਂ ਬਾਅਦ ਕੀਤੇ ਹੋਏ ਮਾੜੇ ਕਰਮਾਂ ਦਾ ਫਲ ਭੋਗਣ ਲਈ ਜਾਂਦਾ ਹੈ। ਮੰਨੂ ਨੇ 21 ਨਰਕ ਅਤੇ ਬ੍ਰਹਮਵੈਵਰਤ ਨੇ 86 ਨਰਕ ਕੁੰਡ ਮੰਨੇ ਹਨ। ਮਾਨਤਾ ਹੈ ਕਿ ਉਥੇ ਪਾਪੀ ਜੀਵ ਨੂੰ ਪੀਕ ਦੀ ਨਦੀ ਅਤੇ ਅੱਗ ਵਿਚੋਂ ਦੀ ਲੰਘਣਾ ਪੈਂਦਾ ਹੈ।

ਸਵਰਗ ਤੋਂ ਭਾਵ ਦੇਵ-ਲੋਕ, ਅਨੰਦ, ਸੁੱਖ ਭਾਵ ਉਹ ਥਾਂ ਜਿਥੇ ਮਨੁੱਖ ਚੰਗੇ ਕਰਮ ਕਰਕੇ ਜਾਂਦਾ ਹੈ। ਮਾਨਤਾ ਹੈ ਕਿ ਉਥੇ ਉਸ ਨੂੰ ਬੜਾ ਸੁੱਖ, ਅਨੰਦ ਅਤੇ ਹੂਰ-ਪਰੀਆਂ ਦਾ ਸੰਗ ਪ੍ਰਾਪਤ ਹੁੰਦਾ ਹੈ। ਇਸਲਾਮ ਅਤੇ ਇਸਾਈ ਮੱਤ ਵਿਚ ਵੀ ਇਸ ਨੂੰ ਵੱਖਰੇ-ਵੱਖਰੇ ਤਰੀਕੇ ਨਾਲ ਮੰਨਿਆ ਜਾਂਦਾ ਹੈ। ਨਰਕ ਨੂੰ ਦੋਜਕ, ਦੋਜਖ ਜਾਂ ਜਹੱਨਮ ਅਤੇ ਸਵਰਗ ਨੂੰ ਸੁਰਗ, ਭਿਸ਼ਤ, ਬਹਿਸ਼ਤ ਆਦਿ ਵੀ ਕਿਹਾ ਜਾਂਦਾ ਹੈ ਪ੍ਰੰਤੂ ਇਸ ਦੇ ਭਾਵ ਅਰਥਾਂ ਵਿਚ ਕੁੱਝ ਫਰਕ ਹੈ।

ਗੁਰੂ ਰਵਿਦਾਸ ਬਾਣੀ ਵਿਚ ਨਰਕ ਅਤੇ ਦੋਜਕ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ। ਫੁਰਮਾਨ ਹਨ :-

-ਜਨ ਰਵਿਦਾਸ ਰਾਮ ਰੰਗਿ ਰਾਤਾ, ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥

-ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥

-ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥

ਕੀ ਗੁਰੂ ਰਵਿਦਾਸ ਜੀ ਦੀ ਬਾਣੀ ਪ੍ਰਚੱਲਿਤ ਨਰਕਾਂ ਵੱਲ ਇਸ਼ਾਰਾ ਕਰ ਰਹੀ ਹੈ, ਕਿ ਜੋ ਜੀਵ ਮੰਦੇ ਕਰਮ ਕਰੇਗਾ, ਉਹ ਇਹਨਾਂ ਨਰਕਾਂ ਵਿਚ ਜਾ ਕੇ ਦੁੱਖ ਕੱਟੇਗਾ ? ਗੁਰੂ ਜੀ ਦੁਆਰਾ ਵਰਤੇ ਸ਼ਬਦ ਨਰਕ ਜਾਂ ਦੋਜਖ ਤੋਂ ਭਾਵ ਹੈ ਕਿ ਸੰਸਾਰ ਦੇ ਮੋਹ-ਮਾਇਆ ਅਤੇ ਵਿਕਾਰਾਂ ਵਿਚ ਫਸਿਆ ਮਨੁੱਖ ਹਮੇਸ਼ਾਂ ਦੁਖੀ ਰਹਿੰਦਾ ਹੈ ਅਤੇ ਜਨਮ-ਮਰਨ ਦੇ ਗੇੜ ਤੋਂ ਮੁਕਤ ਨਹੀਂ ਹੁੰਦਾ। ਗੁਰੂ ਜੀ ਆਸਾ ਰਾਗ ਵਿਚ ਫੁਰਮਾਉਂਦੇ ਹਨ :-

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥੧॥ ਰਹਾਉ॥

ਭਾਵ ਜਿਨ੍ਹਾਂ ਨੇ ਸਵਾਸ-ਸਵਾਸ ਇਕ ਪਾਰਬ੍ਰਹਮ ਦਾ ਸਿਮਰਨ ਕੀਤਾ ਹੈ ਉਹ ਮੁਕਤ ਹੋ

ਗਏ ਹਨ।

**ਹਰਿ ਕੇ ਨਾਮ ਕਬੀਰ ਉਜਾਗਰ॥**

**ਜਨਮ ਜਨਮ ਕੇ ਕਾਟੇ ਕਾਗਰ॥੧॥**

ਸਤਿਗੁਰ ਕਬੀਰ ਜੀ ਨੇ ਇਕ ਹਰਿ (ਪਾਰਬ੍ਰਹਮ) ਦਾ ਸਿਮਰਨ ਕੀਤਾ ਅਤੇ ਸੰਸਾਰ ਵਿਚ ਪ੍ਰਸਿੱਧ ਹੋਏ। ਸਿਮਰਨ ਦੀ ਸ਼ਕਤੀ ਨਾਲ ਉਹ ਜਨਮ-ਜਨਮਾਂਤਰਾਂ ਦੇ ਗੇੜ ਤੋਂ ਮੁਕਤ ਹੋ ਗਏ।

**ਨਿਮਤ ਨਾਮਦੇਉ ਦੂਧੁ ਪੀਆਇਆ॥**

**ਤਉ ਜਗ ਜਨਮ ਸੰਕਟ ਨਹੀ ਆਇਆ॥੨॥**

ਸਤਿਗੁਰ ਨਾਮਦੇਵ ਜੀ ਨੇ ਪ੍ਰਭ ਦੇ ਸਿਮਰਨ ਦੁਆਰਾ ਉਸ ਨੂੰ ਪ੍ਰਾਪਤ ਕਰਕੇ ਦੁੱਧ ਪਿਲਾਇਆ ਤੇ ਉਹ ਬਾਰ-ਬਾਰ ਜਨਮ ਲੈਣ ਦੇ ਸੰਕਟ ਵਿਚ ਨਹੀਂ ਪਏ।

**ਜਨ ਰਵਿਦਾਸ ਰਾਮ ਰੰਗ ਰਾਤਾ॥**

**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ॥੩॥**

ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਇਸੇ ਤਰ੍ਹਾਂ ਮੈ ਵੀ ਇਕ ਹਰਿ ਪ੍ਰਭ ਦਾ ਸਿਮਰਨ ਕਰਕੇ ਉਸ ਦੇ ਰੰਗ ਵਿਚ ਰੰਗਿਆ ਗਿਆ ਹਾਂ, ਇਸ ਤਰ੍ਹਾਂ ਬ੍ਰਹਮ ਗੁਰੂ ਦੀ ਬਖਸ਼ਿਸ਼ ਨਾਲ ਹੁਣ ਮੈਂ ਨਰਕਾਂ ਭਾਵ ਜਨਮ-ਮਰਨ ਦੇ ਚੱਕਰ ਤੋਂ ਮੁਕਤ ਹੋ ਗਿਆ ਹਾਂ।

ਸੋ ਇਸ ਸ਼ਬਦ ਵਿਚ ਨਰਕਾਂ ਤੋਂ ਭਾਵ ਜਨਮ-ਮਰਨ ਤੋਂ ਮੁਕਤ ਹੋਣਾ ਹੈ, ਜੇਕਰ ਇਸ ਨੂੰ ਪ੍ਰਚੱਲਿਤ ਧਾਰਨਾ ਦੇ ਨਰਕਾਂ-ਸਵਰਗਾਂ ਨਾਲ ਜੋੜੀਏ ਤਾਂ ਇਸ ਸ਼ਬਦ ਵਿਚ ਸਤਿਗੁਰ ਕਬੀਰ, ਸਤਿਗੁਰ ਨਾਮਦੇਵ ਜੀ ਦੀ ਉਦਾਹਰਣ ਇਨ੍ਹਾਂ ਰਹਿਬਰਾਂ ਦਾ ਨਰਕਾਂ ਤੋਂ ਬਚ ਕੇ ਸਵਰਗਾਂ ਵਿਚ ਜਾਣ ਦਾ ਸੰਕੇਤ ਹੋਣਾ ਸੀ। ਜਦ ਕਿ ਸਤਿਗੁਰ ਜੀ ਨੇ ਇਹਨਾਂ ਰਹਿਬਰਾਂ ਦੇ ਜਨਮ-ਮਰਨ ਤੋਂ ਮੁਕਤ ਹੋਣ ਦੀ ਗੱਲ ਕੀਤੀ ਹੈ ਅਤੇ ਮਨੁੱਖ ਦਾ ਉਦੇਸ਼ ਵੀ ਇਹੀ ਹੈ।

**ਨਿੰਦਕੁ ਸੋਧਿ ਸਾਧਿ ਬਿਚਾਰਿਆ॥**

**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥**

ਇਸ ਬੰਦ ਵਿਚ ਆਏ ਸ਼ਬਦ ਨਰਕ ਤੋਂ ਭਾਵ ਹੈ :- ਗੁਰੂ ਜੀ ਦ੍ਰਿੜ੍ਹ ਕਰਦੇ ਹਨ ਕਿ ਬਹੁਤ ਸੋਚ-ਵਿਚਾਰ ਕਰਨ ਉਪਰੰਤ ਇਹੀ ਨਿਰਣਾ ਪ੍ਰਪੱਕ ਹੁੰਦਾ ਹੈ ਕਿ ਨਿੰਦਕ ਪਾਪੀ ਹੈ ਅਤੇ ਨਿਸ਼ਚੇ ਹੀ ਉਹ ਨਰਕਾਂ ਭਾਵ ਭੈੜੀ ਜੂਨ ਵਿਚ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਸਤਿਗੁਰ ਤ੍ਰਿਲੋਚਨ ਜੀ ਫੁਰਮਾਉਂਦੇ ਹਨ :-

***ਅੰਤ ਕਾਲ ਜੋ ਲਛਮੀ ਸਿਮਰੇ, ਐਸੀ ਚਿੰਤਾ ਮਹਿ ਜੇ ਮਰੈ,***

***ਸਰਪ ਕੀ ਜੋਨ ਬਲਿ ਬਲਿ ਅਉਤਰੈ॥***

ਭਾਵ ਅੰਤ ਸਮੇਂ ਜੋ ਲਛਮੀ ਨੂੰ ਸਿਮਰਦਾ ਹੈ, ਉਹ ਸੱਪ ਦੀ ਜੂਨ ਵਿਚ ਪੈਂਦਾ ਹੈ।

**ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ॥**

**ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥**

ਭਾਵ ਜੋ ਮਨੁੱਖ ਇਕ ਹਰੀ ਪ੍ਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਤੋਂ ਮੁਕਤੀ ਦੀ ਆਸ ਰੱਖਦਾ ਹੈ, ਉਹ ਨਿਸ਼ਚੇ ਹੀ ਦੋਜਕ (ਨਰਕਾਂ) ਵਿੱਚ ਜਾਵੇਗਾ ਭਾਵ ਆਉਣ ਜਾਣ ਤੋਂ ਮੁਕਤ ਨਹੀਂ ਹੋਵੇਗਾ।

ਸਤਿਗੁਰ ਕਬੀਰ ਜੀ ਨੇ ਤਾਂ ਬਿਲਕੁਲ ਸਪੱਸ਼ਟ ਕੀਤਾ ਹੈ :-

ਕਵਨ ਨਰਕੁ ਕਿਆ ਸੁਰਗੁ ਵਿਚਾਰਾ, ਸੰਤਨ ਦੋਊ ਰਾਦੇ॥

ਹਮ ਕਾਹੂ ਕੀ ਕਾਣਿ ਨਾ ਕਢਤੇ, ਅਪਣੇ ਗੁਰਪਰਸਾਦੇ॥

ਭਾਵ :- ਲੋਕ ਆਖਦੇ ਹਨ ਕਿ ਕਾਂਸ਼ੀ ਵਿਚ ਰਹਿਣ ਵਾਲਾ ਮਨੁੱਖ ਸਵਰਗ ਮਾਣਦਾ ਹੈ ਅਤੇ ਮਗਹਰ ਵਿਚ ਰਹਿਣ ਵਾਲਾ ਨਰਕ ਪ੍ਰੰਤੂ ਨਰਕ ਕੀਹ ਤੇ ਵਿਚਾਰਾ ਸਵਰਗ ਕੀਹ? ਸੰਤਾਂ ਨੇ ਦੋਵੇਂ ਹੀ ਰੱਦ ਕਰ ਦਿੱਤੇ ਹਨ ਕਿਉਂਕਿ ਸੰਤ, (ਬ੍ਰਹਮ) ਗੁਰੂ ਦੀ ਕਿਰਪਾ ਨਾਲ ਸਵਰਗ ਜਾਂ ਨਰਕ ਕਿਸੇ ਦੇ ਵੀ ਮੁਥਾਜ ਨਹੀਂ ਹਨ।

ਸੋ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਸ਼ਬਦ ਨਰਕ, ਦੋਜਕ ਆਦਿ ਤੋਂ ਭਾਵ ਪਾਪੀ ਜੀਵ ਦੇ ਮਰਨ ਤੋਂ ਕਿਸੇ ਭੈੜੇ ਜਾਂ ਦੁੱਖਾਂ ਵਾਲੇ ਸਥਾਨ ਦੇ ਨਿਵਾਸ ਤੋਂ ਨਹੀਂ ਹੈ ਬਲਕਿ ਮੋਹ ਮਾਇਆ ਵਿਚ ਰੁਚਿਤ ਮਨੁੱਖ ਦੇ ਜਨਮ-ਮਰਨ ਦੇ ਗੇੜ ਵਿਚ ਫਸਣ ਤੋਂ ਹੈ।

ਮੋਹ-ਮਾਇਆ ਵਿਚ ਫਸਿਆ ਮਨੁੱਖ ਆਪਣੀਆ ਜ਼ਿੰਮੇਵਾਰੀਆਂ ਨੂੰ ਭੁੱਲ ਜਾਂਦਾ ਹੈ। ਉਹ ਗਰੀਬ ਹੋ ਕੇ ਆਰਥਿਕ ਤੰਗੀਆਂ ਤੇ ਹੋਰ ਸਮੱਸਿਆਵਾਂ ਨਾਲ ਦੁੱਖ ਵਿਹਾਜਦਾ ਹੈ ਅਤੇ ਮਾਇਆ ਦਾ ਲਾਲਚੀ ਮਨੁੱਖ ਅਮੀਰ ਹੋ ਕੇ ਵੀ ਸੰਤੁਸ਼ਟ ਨਹੀਂ ਹੁੰਦਾ, ਅਜਿਹਾ ਮਨੁੱਖ ਮਾਇਆ ਹੋਏ ਨਾਗਣੀ ਕਾਰਨ ਮਾਨਸਿਕ ਦੁੱਖ ਸਹੇੜਦਾ ਹੈ। ਇਸੇ ਤਰ੍ਹਾਂ ਹੀ ਅਸੀਂ ਬਾਕੀ ਵਿਕਾਰਾਂ ਵਿਚ ਫਸ ਕੇ ਖਵਾਰ ਹੁੰਦੇ ਹਾਂ। ਪ੍ਰੰਤੂ ਗੁਰੂ ਰਵਿਦਾਸ ਮਾਰਗ ਦੇ ਪਾਂਧੀਆਂ ਨੇ ਗੁਰੂ ਜੀ ਦੀ ਵਿਚਾਰਧਾਰਾ ਤੇ ਚੱਲ ਕੇ ਲੋਕ ਸੁਖੀਏ ਪ੍ਰਲੋਕ ਸੁਹੇਲੇ ਬਣਨਾ ਹੈ।

ਬਖਸ਼ੀ ਰਾਮ
ਪਿੰਡ ਦਰਾਵਾਂ (ਜਲੰਧਰ)

## ਗੁਰੂ ਰਵਿਦਾਸ ਜੀ ਦੀ ਪ੍ਰਸਿੱਧ ਸੇਵਕ ਰਾਣੀ ਝਾਲਾ (ਰਤਨ ਕੁੰਵਰੀ)

ਇਹ ਸਰਵਵਿਦਿਤ ਮੱਤ ਹੈ ਕਿ ਰਾਣੀ ਝਾਲਾ (ਰਤਨ ਕੁੰਵਰੀ) ਗੁਰੂ ਰਵਿਦਾਸ ਜੀ ਦੀ ਪਰਮ ਸ਼ਿਸ਼ ਸੀ। ਰਾਣੀ ਝਾਲਾ ਚਿਤੌੜ ਦੇ ਰਾਜਾ, ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾਂ) ਦੀ ਰਾਣੀ ਸੀ। ਰਾਣੀ ਝਾਲੀ ਆਪਣੇ ਮਨ ਦੀ ਸ਼ਾਂਤੀ ਲਈ ਤੀਰਥ ਰਟਨ ਕਰਦੀ ਹੋਈ ਬਨਾਰਸ ਨਗਰੀ ਪਹੁੰਚ ਗਈ। "ਰੈਦਾਸ ਪਰਚਈ" ਵਿਚ ਸੰਤ ਅਨੰਤ ਦਾਸ ਵੈਸ਼ਨਵ ਜੀ ਲਿਖਦੇ ਹਨ ਕਿ ਪਹਿਲਾਂ ਰਾਣੀ ਕਬੀਰ ਜੀ ਦਾ ਸਤਿਸੰਗ ਪ੍ਰਾਪਤ ਕਰਦੀ ਰਹੀ ਪਰ ਉਸ ਦਾ ਮਨ ਸ਼ਾਂਤ ਨਾ ਹੋਇਆ ਫਿਰ ਉਹ ਗੁਰੂ ਰਵਿਦਾਸ ਜੀ ਦੇ ਸਤਿਸੰਗ ਵਿਚ ਪਹੁੰਚ ਗਈ। ਉਸ ਸਮੇਂ ਗੁਰੂ ਰਵਿਦਾਸ ਜੀ ਸ਼ਰਧਾਲੂ-ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਕਿ "ਮਨੁੱਖੀ ਸਰੀਰ ਪੰਜ ਤੱਤਾਂ ਤੋਂ ਬਣਿਆ ਹੋਇਆ, ਪੁਤਲਾ ਹੈ।

ਇਸ ਸੰਸਾਰ ਦਾ ਹਰ ਪ੍ਰਾਣੀ ਕੀ ਰਾਜਾ, ਕੀ ਰੰਕ, ਗਰੀਬ, ਅਮੀਰ, ਨੀਚ, ਉਚ ਇਕ ਪਿੰਜਰੇ ਦੇ ਪੰਛੀ ਦੀ ਤਰ੍ਹਾਂ ਕੁਝ ਸਮਾਂ ਨਿਵਾਸ ਕਰਕੇ ਉਡਾਰੀ ਮਾਰ ਜਾਵੇਗਾ। ਹੇ ਪ੍ਰਾਣੀ ! ਮੈਂ, ਮੇਰੀ ਨਾ ਕਰ, ਪ੍ਰਮੇਸ਼ਰ ਦਾ ਨਾਮ ਹੀ ਸਤਿ ਹੈ।" ਰਾਣੀ ਝਾਲਾ, ਗੁਰੂ ਰਵਿਦਾਸ ਜੀ ਦੇ ਪ੍ਰਵਚਨ

ਸੁਣ ਕੇ ਉਹਨਾਂ ਦੇ ਚਰਨਾਂ 'ਤੇ ਢਹਿ ਪਈ ਅਤੇ ਆਪ ਜੀ ਦੀ ਸ਼ਿਸ਼ ਬਣ ਗਈ।

**ਚਰਨ ਗਹੈ ਰੈਦਾਸ ਕੇ॥ ਦੀਨੋ ਮਸਤਕ ਹਾਥ॥**
**ਰਾਣੀ ਕੋ ਮਨ ਮਾਨਿਯੋ॥ ਭਯੋ ਭਗਤਿ ਸਾਯੁ ਸਾਥ॥**

ਸੰਤਾਂ ਦੇ ਜੀਵਨ ਚਰਿੱਤਰਾਂ ਨਾਲ ਭਰਪੂਰ ਗਰੰਥ 'ਭਕਤਿ ਰਸਬੋਧਨੀ' ਲਿਖਿਤ ਟੀਕਾਕਾਰ ਸੰਤ ਪ੍ਰਿਯ ਦਾਸ ਵਿਚ ਅੰਕਿਤ ਹੈ ਕਿ ਚਿਤੌੜ ਦੀ ਰਾਣੀ ਝਾਲੀ (ਗੁਰੂ) ਰਵਿਦਾਸ ਜੀ ਦੀ ਸ਼ਿਸ਼ ਬਣ ਗਈ।

**ਵਸਤ ਚਿਤੌੜ ਮਾਝ ਰਾਨੀ ਏਕ ਝਾਲੀ ਨਾਮ,**
**ਨਾਮ ਬਿਨ ਕਾਨ ਖਾਲੀ ਆਨ ਸਿਖ ਭਈ॥**

ਇਸ ਬਾਰੇ ਵਿਦਵਾਨ ਸੰਤ ਜਗਬੀਰ ਸਿੰਹੁ ਦਾ ਮੱਤ ਵਿਸ਼ੇਸ਼ ਵਰਨਣ ਯੋਗ ਹੈ। ਸੰਤ ਜੀ ਕਥਨ ਕਰਦੇ ਹਨ "ਕਾਂਸ਼ੀ ਵਿੱਚ 1502 ਬਿਕਰਮੀ ਸੰਮਤ ਵਿਚ ਮਾਘ ਦੀ ਸੰਗਰਾਂਦ ਨੂੰ ਮੇਲਾ ਲੱਗਿਆ। ਇਸ ਮੇਲੇ ਵਿਚ ਚਿਤੌੜ ਦੇ ਰਾਣਾ ਕੁੰਭਾ ਦੀ ਮਹਾਰਾਣੀ ਝਾਲਾ, ਗੰਗਾ ਘਾਟ ਉੱਤੇ ਸੰਤ (ਗੁਰੂ) ਰਵਿਦਾਸ ਜੀ ਦੇ ਪ੍ਰਬਚਨਾਂ ਸੰਗ ਆਤਮ ਤ੍ਰਿਪਤੀ ਪ੍ਰਾਪਤ ਕਰਕੇ ਉਹਨਾਂ ਦੀ ਸ਼ਿਸ਼ ਹੋ ਗਈ।"

ਡਾ. ਹਰਨੇਕ ਸਿੰਘ ਕਲੇਰ,
ਪੁਸਤਕ- ਐਸੀ ਦਸਾ ਹਮਾਰੀ

## ਗੁਰੂ ਰਵਿਦਾਸ ਨਾਮ ਲੇਵਾ ਸਮਾਜ ਦਾ ਰੰਗ

ਸ੍ਰੀ ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਸਾਰ ਕੁਸੰਭੜੇ ਦੇ ਰੰਗ ਵਾਂਗ ਕੱਚਾ ਹੈ, ਅਸਥਿਰ ਹੈ ਮੇਰੇ ਪ੍ਰਭ ਦਾ ਰੰਗ ਮਜੀਠ ਵਰਗਾ ਪੱਕਾ ਹੈ, ਸਦੀਵੀ ਸਥਿਰ ਰਹਿਣ ਵਾਲਾ ਹੈ। ਸੋ ਗੁਰੂ ਜੀ ਨੇ ਮਜੀਠ ਰੰਗ ਦੀ ਉਪਮਾ ਪ੍ਰਭ ਦੇ ਰੰਗ ਨਾਲ ਕੀਤੀ ਹੈ ਇਸ ਕਰਕੇ ਗੁਰੂ ਰਵਿਦਾਸ ਨਾਮ-ਲੇਵਾ ਸਮਾਜ ਨੇ ਆਪਣਾ ਰੰਗ ਮਜੀਠ ਦਾ ਰੰਗ ਮੰਨਿਆ ਹੈ।

**ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰ ॥**
**ਮੇਰੇ ਰਮਈਏ ਰੰਗੁ ਮਜੀਠ ਕਾ, ਕੁਹ ਰਵਿਦਾਸ ਚਮਾਰ॥**

ਸੋ ਸਾਨੂੰ ਅਪਣੇ ਧਾਰਮਿਕ ਅਸਥਾਨਾਂ ਤੇ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੁਲਾਉਣੇ ਚਾਹੀਦੇ ਹਨ। ਸਿਰੋਪਾਓ ਮਜੀਠ ਰੰਗ ਦੇ ਦੇਣੇ ਚਾਹੀਦੇ ਹਨ। ਕੌਮ ਦੇ ਸਮਾਜਿਕ ਤੇ ਧਾਰਮਿਕ ਸਮਾਗਮਾਂ 'ਤੇ ਮਜੀਠ ਦੀਆਂ ਪੱਗਾਂ 'ਤੇ ਪਟਕੇ ਬੰਨਣੇ ਚਾਹੀਦੇ ਹਨ। ਵਿਆਹ ਸਮੇਂ ਦੂਹਲਾ ਮਜੀਠ ਪਗੜੀ ਬੰਨੇ ਤੇ ਦੁਲਹਨ ਮਜੀਠ ਰੰਗ ਦਾ ਦੁਪੱਟਾ ਪਹਿਨੇ। ਸਾਰੇ ਸ਼ੁਭ ਕਾਰਜਾਂ 'ਤੇ ਮਜੀਠ ਦੇ ਰੰਗ ਦੀ ਵਰਤੋਂ ਕੀਤੀ ਜਾਵੇ। ਵਿਆਹ ਜਾਂ ਸ਼ਗਨ ਦੇ ਕਾਰਜਾਂ ਸਮੇਂ ਮਜੀਠ ਰੰਗ ਦੇ ਗਾਨੇ (ਗੁੱਟ 'ਤੇ ਧਾਗਾ) ਬੰਨੇ ਜਾਣ। ਮਜੀਠ ਰੰਗ ਕਿਹੋ ਜਿਹਾ ਹੁੰਦਾ ਹੈ ਇਹ ਜਾਨਣ ਲਈ ਤੁਸੀਂ ਪੰਸਾਰੀ ਦੀ ਦੁਕਾਨ ਤੋਂ ਮਜੀਠ ਦੀਆਂ ਲੱਕੜਾਂ ਲੈ ਕੇ ਉਸ ਨੂੰ ਪਾਣੀ ਵਿਚ ਭਿਉਂ ਕੇ ਰੱਖੋ, ਕੁਝ ਸਮੇਂ ਬਾਅਦ ਉਹਨਾਂ ਲੱਕੜਾਂ ਅਤੇ ਪਾਣੀ ਦਾ ਰੰਗ ਬਦਲ ਜਾਵੇਗਾ ਜੋ ਕਿ ਮਜੀਠ ਦਾ ਰੰਗ ਹੋਏਗਾ। ਉਂਝ ਇਹ ਰੰਗ ਲਾਲ-ਕਾਲਾ, ਲਾਖਾ ਜਾਂ ਉਨਾਭੀ-ਕਾਲਾ ਹੁੰਦਾ ਹੈ।

## ਸੰਸਥਾ ਦੀਆਂ ਗਤੀਵਿਧੀਆਂ 'ਤੇ ਸੰਖੇਪ ਝਾਤ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ, ਪੰਜਾਬ (ਰਜਿ.) ਦਾ ਮੁੱਖ ਕਾਰਜ ਗੁਰੂ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਲਿਟਰੇਚਰ ਛਾਪ ਕੇ ਘਰ-ਘਰ ਪਹੁੰਚਾਉਣਾ ਅਤੇ ਗੁਰੂ ਜੀ ਦੇ ਪ੍ਰਚਾਰ ਲਈ ਮਿਸ਼ਨਰੀ ਪ੍ਰਚਾਰਕ ਤਿਆਰ ਕਰਨੇ ਹਨ। ਸੰਸਥਾ 1996 ਤੋਂ ਇਸ ਕਾਰਜ ਲਈ ਯਤਨਸ਼ੀਲ ਹੈ। ਇਸ ਮੰਤਵ ਲਈ ਟ੍ਰੈਕਟ ਅਤੇ ਕਿਤਾਬਾਂ ਛਾਪਣ ਦੇ ਨਾਲ-ਨਾਲ ਬੱਚਿਆਂ ਦੀਆਂ ਧਾਰਮਿਕ ਕਲਾਸਾਂ ਲਗਾ ਕੇ ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਂਦੇ ਹਨ। ਬੱਚਿਆਂ ਦੀ ਪ੍ਰਸ਼ਨ-ਉੱਤਰ ਪ੍ਰਤੀਯੋਗਤਾ ਕਰਵਾਈ ਜਾਂਦੀ ਹੈ। ਨਿਸ਼ਕਾਮ ਕੀਰਤਨ ਸਮਾਗਮ ਕੀਤੇ ਜਾਂਦੇ ਹਨ। ਸਮਾਗਮਾਂ 'ਤੇ ਬੁੱਕ ਸਟਾਲ ਲਗਾਏ ਜਾਂਦੇ ਹਨ। ਬੱਚਿਆਂ, ਨੌਜਵਾਨਾਂ ਦੇ ਕੇਡਰ ਕੈਂਪ ਲਗਾਉਣ ਦੀ ਯੋਜਨਾ ਹੈ। ਗੁਰੂ ਜੀ ਦੀ ਬਾਣੀ, ਵਿਚਾਰਧਾਰਾ ਅਤੇ ਇਤਿਹਾਸ ਨੂੰ ਦਰਸਾਉਂਦੇ ਫਲੈਕਸ ਬੋਰਡ ਬਣਾਏ ਜਾਂਦੇ ਹਨ। ਵੀਡੀਉ-ਆਡੀਉ ਸੀ. ਡੀ. ਤਿਆਰ ਕੀਤੀਆਂ ਜਾਂਦੀਆ ਹਨ।

**ਸੰਸਥਾ ਵਲੋਂ ਹੁਣ ਤੱਕ ਪ੍ਰਕਾਸ਼ਿਤ ਕਰਕੇ ਮੁਫਤ ਵੰਡੇ ਗਏ ਟ੍ਰੈਕਟ (ਪੰਫਲਿਟ) :-**

**1.** ਨੀਚ ਰੂਖ ਤੇ ਊਚ ਭਏ ਹੈ, ਸੰਨ 1997, **2.** ਨਾਮ ਤੇਰੇ ਕੀ ਜੋਤਿ ਲਗਾਈ-1998, **3.** ਗਰੀਬ ਨਿਵਾਜ-1998, **4.** ਹਰਿ ਹਰਿ ਹਰੇ-1999, **5.** ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ-2000, **6.** ਸਤਿ ਭਾਖੈ ਰਵਿਦਾਸ (ਹਿੰਦੀ)-2000, **7.** ਕਹਿ ਰਵਿਦਾਸ ਕਵਨ ਗਤਿ ਮੋਰੀ-2001, **8.** ਬੇਗਮਪੁਰਾ ਸਹਿਰ ਕੋ ਨਾਓ (ਹਿੰਦੀ)-2001, **9.** ਇਹੁ ਜਨਮੁ ਤੁਮਾਰੇ ਲੇਖੇ-2002, **10.** ਐਸੀ ਦਸਾ ਹਮਾਰੀ-2003, **11.** ਗੁਰੂ ਮਿਲਿਆ ਰੈਦਾਸ-2004, **12.** ਧੂਪ ਦੀਪ ਨਈਬੇਦਹਿ ਬਾਸਾ (ਹਿੰਦੀ)-2004, **13.** ਡ: ਅੰਬੇਡਕਰ ਦਾ ਕਰਜ਼-2004, **13.(a)** ਮੈ ਜਨੁ ਤੇਰਾ-2005, **14.** ਮੇਰੇ ਰਮੀਏ ਰੰਗੁ ਮਜੀਠੁ ਕਾ- 2006, **15.** ਮਾਟੀ ਕੋ ਪੁਤਰਾ-2007, **16.** ਹਉ ਬਨਜਾਰੋ ਰਾਮ ਕੋ-2008, **17.** ਪ੍ਰੇਮ ਕੀ ਜੇਵਰੀ-2009, **18.** ਮਧੁਪ ਮਖੀਰਾ-2010, **19.** ਤ੍ਰੈਕਾਲਦਰਸ਼ੀ ਭਗਵਾਨ ਵਾਲਮੀਕਿ ਜੀ-2010, **20.** ਸਤਿ ਭਾਖੈ ਰਵਿਦਾਸ-2010, **21.** ਜਲ ਕੀ ਭੀਤਿ-2011 ਅਤੇ ਟ੍ਰੈਕਟ ਖੁਰਾਲਗੜ੍ਹ ਸਾਹਿਬ ਦਾ ਇਤਿਹਾਸ। ਇਨ੍ਹਾਂ ਸਾਰੇ ਟ੍ਰੈਕਟਾਂ ਦੀ ਗਿਣਤੀ ਲਗਭਗ 150000 ਹੈ।

**ਸੰਸਥਾ ਵਲੋਂ ਪ੍ਰਕਾਸ਼ਿਤ ਅਤੇ ਉਪਲੱਬਧ ਪੁਸਤਕਾਂ ਦਾ ਵੇਰਵਾ :-**

**1.** ਸ੍ਰੀ ਗੁਰੂ ਰਵਿਦਾਸ ਬਾਣੀ ਦਾ ਗੁਟਕਾ ਸਾਹਿਬ, **2.** ਸਤਿ ਭਾਖੈ ਰਵਿਦਾਸ, **3.** ਸੰਖੇਪ ਜੀਵਨ ਗੁਰੂ ਰਵਿਦਾਸ ਜੀ, **4.** ਉਪਜਿਓ ਗਿਆਨ ਹੂਆ ਪ੍ਰਗਾਸ, **5.** ਗੁਰੂ ਰਵਿਦਾਸ ਮੇਰਾ ਗੁਰੂ ਰਵਿਦਾਸ, **6.** ਸਾਡਾ ਰੱਬ, **7.** ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ (ਪ੍ਰੋ: ਲਾਲ ਸਿੰਘ), **8.** ਵਿਸ਼ਵ ਸੰਵਿਧਾਨ ਦੇ ਸਿਰਜਕ ਸਤਿਗੁਰੂ ਰਵਿਦਾਸ ਜੀ (ਪ੍ਰੋ: ਲਾਲ

ਸਿੰਘ), 9. ਸ੍ਰੀ ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਗੁਰਬਾਣੀ {ਅਰਥਾਂ ਸਮੇਤ} (ਸ. ਰਛਪਾਲ ਸਿੰਘ ਬੱਧਣ) 10. ਸਤਿਗੁਰ ਨਾਲ ਪ੍ਰੀਤਾਂ(ਸ੍ਰੀ ਮਹਿੰਦਰ ਸੰਧੂ ਮਹੇੜੂ)11. ਏਕਤਾ ਦੇ ਪੁਜਾਰੀ (ਚੰਨ ਗੁਰਾਇਆ ਵਾਲਾ)

ਅਸ਼ਵਨੀ ਚੌਕੜੀਆ ਲੰਮਾ ਪਿੰਡ, ਜਲੰਧਰ

# 98888-38485

## ਜ਼ਰੂਰੀ ਬੇਨਤੀਆਂ

-ਗੁਰੂ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਸਾਹਿਬ ਹਿੰਦੀ ਜਾਂ ਪੰਜਾਬੀ ਵਿਚ ਡਾਕ ਰਾਹੀਂ ਪ੍ਰਾਪਤ ਕਰਨ ਲਈ ਪੰਜ ਰੁਪਏ ਦੀਆਂ ਡਾਕ-ਟਿਕਟਾਂ ਭੇਜੋ ਜੀ। ਹੱਥਲਾ ਟ੍ਰੈਕਟ ਜਾਂ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੋਰ ਲਿਟਰੇਚਰ ਡਾਕ ਰਾਹੀਂ ਮੁਫਤ ਮੰਗਵਾਉਣ ਲਈ ਚਿੱਠੀ ਜਾਂ ਪੋਸਟਕਾਰਡ ਦੁਆਰਾ ਆਪਣਾ ਪਤਾ ਭੇਜੋ ਜੀ।

-ਇਸ ਟ੍ਰੈਕਟ ਨੂੰ ਪੜ੍ਹਨ ਤੋਂ ਬਾਅਦ ਇਸ ਨੂੰ ਸਾਂਭ ਕੇ ਨਾ ਰੱਖ ਲੈਣਾ ਸਗੋਂ ਕਿਸੇ ਹੋਰ ਸੱਜਣ ਨੂੰ ਪੜ੍ਹਨ ਲਈ ਦੇ ਦੇਣਾ ਅਤੇ ਉਸ ਨੂੰ ਵੀ ਇਹੀ ਤਾਗੀਦ ਕਰਨਾ।

-ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮਦਦ ਦਿਓ ਤਾਂ ਕਿ ਵੱਧ ਤੋਂ ਵੱਧ ਲਿਟਰੇਚਰ ਛਾਪ ਕੇ ਫਰੀ ਵੰਡਿਆ ਜਾ ਸਕੇ,ਇਸ ਵਾਸਤੇ ਤੁਸੀਂ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿੱਚ ਸੰਸਥਾ ਦੇ ਅਕਾਊਂਟ ਨੰਬਰ...3920000101107244... 'ਤੇ ਭੇਟਾ ਜਮ੍ਹਾਂ ਕਰਵਾ ਸਕਦੇ ਹੋ।

ਟ੍ਰੈਕਟ ਨੰ: 21 ਪਹਿਲੀ ਵਾਰ: 8000 ਫਰਵਰੀ 2011

ਪ੍ਰਕਾਸ਼ਕ :- ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ:)

(ਰਜਿ: ਨੰ: 179/2006-07)

ਹੈਡ ਆਫਿਸ: ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ- 4

ਮੋਬਾਇਲ: 94176-10120

ਸਬ ਆਫਿਸ: ਪਿੰਡ ਤੇ ਡਾਕਖਾਨਾ ਬਿਨਪਾਲਕੇ, ਨੇੜੇ ਭੋਗਪੁਰ,

ਜ਼ਿਲ੍ਹਾ ਜਲੰਧਰ-144201 ਮੋਬਾਇਲ: 9814839944

ਛਾਪਕ : ਵਾਲੀਆ ਪ੍ਰਿੰਟਿੰਗ ਪ੍ਰੈਸ ਜਲੰਧਰ



ਪੰਫਲਿਟ 'ਮਧੁਪ ਮਖੀਰਾ' ਜਾਰੀ ਕਰਨ ਸਮੇਂ ਦੀ ਤਸਵੀਰ



'ਸਤਿ ਭਾਖੈ ਰਵਿਦਾਸ' ਪੰਫਲਿਟ ਜਾਰੀ ਕਰਦੇ ਹੋਏ ਸੰਸਥਾ ਦੇ ਸੇਵਾਦਾਰ



ਬੱਚੇ ਧਾਰਮਿਕ ਪ੍ਰੀਖਿਆ ਦੇਂਦੇ ਹੋਏ


ਸਿਕੰਦਰ ਲੋਧੀ ਦੇ ਦਰਬਾਰ ਵਿਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ